# Punjab Government Gazette

## EXTRAORDINARY

***Published by Authority***

CHANDIGARH, FRIDAY, NOVEMBER 21, 2025
(KARTIKA 30, 1947 SAKA)


ਵਿਧਾਨਕ ਅਨੁਪੂਰਕ

**ਮਜ਼ਮੂਨ** **ਪੰਨੇ**


**ਭਾਗ I** **ਐਕਟ**

1. ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ... 681-686
2. ਪੰਜਾਬ ਰਾਜ ਕੈਂਸਰ ਅਤੇ ਭੇਖਜ ਨਸ਼ਾ ਇਲਾਜ ਅਧਾਰਕ ਬਣਤ ਫ਼ੰਡ ਐਕਟ, 2013 (2013 ਦਾ ਪੰਜਾਬ ਐਕਟ ਨੰ. 27) ... 687-690
3. ਪੰਜਾਬ ਝੁੱਗੀ-ਨਿਵਾਸੀ (ਮਾਲਕਾਨਾ ਅਧਿਕਾਰ) ਐਕਟ, 2020 (2020 ਦਾ ਪੰਜਾਬ ਐਕਟ ਨੰ. 7) ... 691-701

**ਭਾਗ II** **ਆਰਡੀਨੈਂਸ**

*ਕੋਈ ਨਹੀਂ*

**ਭਾਗ III** **ਅਧੀਨ ਵਿਧਾਨਕਾਰੀ**

*ਕੋਈ ਨਹੀਂ*

**ਭਾਗ IV** **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**

*ਕੋਈ ਨਹੀਂ*


———

ਭਾਗ -1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 21 ਨਵੰਬਰ, 2025

**ਨੰ: 54/ਭ.ਕ./2025.-** ਪੰਜਾਬ ਰਾਜ ਭਾਸ਼ਾ ਐਕਟ, 1967 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 21st November, 2025

**No. 54/L.C./2025.-** The Translation in Punjabi of the Punjab Official Language Act, 1967 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

### ਪੰਜਾਬ ਰਾਜ ਭਾਸ਼ਾ ਐਕਟ, 1967

(1967 ਦਾ ਪੰਜਾਬ ਐਕਟ ਨੰ: 5)

ਪੰਜਾਬ ਰਾਜ ਦੇ ਸਭ ਸਰਕਾਰੀ ਪ੍ਰਯੋਜਨਾਂ ਜਾਂ ਉਨ੍ਹਾਂ ਵਿੱਚੋ ਕਿਸੇ ਲਈ ਵਰਤੀ ਜਾਣ ਵਾਲੀ ਭਾਸ਼ਾ ਵਜੋਂ ਪੰਜਾਬੀ ਨੂੰ ਅੰਗੀਕਾਰ ਕਰਨ ਦਾ ਉਪਬੰਧ ਕਰਨ ਲਈ ਐਕਟ।

ਭਾਰਤ ਗਣਰਾਜ ਦੇ ਅਠਾਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ ਐਕਟ, 1967 ਕਿਹਾ ਜਾ ਸਕੇਗਾ।

(2) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ ਤੇ ਹੋਵੇਗਾ।

(3) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਪੰਜਾਬੀ" ਦਾ ਮਤਲਬ ਹੈ ਗੁਰਮੁਖੀ ਲਿਪੀ ਵਿੱਚ ਪੰਜਾਬੀ;

(ਅ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ।

ਪੰਜਾਬੀ ਦਾ ਰਾਜ ਦੀ ਰਾਜ ਭਾਸ਼ਾ ਹੋਣਾ।

3. ਪੰਜਾਬ ਰਾਜ ਦੀ ਰਾਜ ਭਾਸ਼ਾ ਪੰਜਾਬੀ ਹੋਵੇਗੀ।

ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿੱਚ ਪੰਜਾਬੀ ਦੀ ਵਰਤੋਂ।

3-ੳ. (1) ਪੰਜਾਬ ਅਤੇ ਹਰਿਆਣਾ ਉੱਚ ਅਦਾਲਤ ਦੇ ਮਾਤਹਿਤ, ਸਾਰੀਆਂ ਦੀਵਾਨੀ ਅਤੇ ਫ਼ੌਜਦਾਰੀ ਅਦਾਲਤਾਂ ਵਿੱਚ, ਰਾਜ ਸਰਕਾਰ ਦੁਆਰਾ ਗਠਤ ਸਾਰੀਆਂ ਮਾਲ ਅਦਾਲਤਾਂ ਅਤੇ ਕਿਰਾਇਆ ਟ੍ਰਿਬਿਊਨਲਾਂ ਵਿੱਚ, ਅਜਿਹੀਆਂ ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿੱਚ ਕੰਮ ਪੰਜਾਬੀ ਵਿੱਚ ਕੀਤਾ ਜਾਵੇਗਾ।

ਵਿਆਖਿਆ.- ਇਸ ਧਾਰਾ ਦੇ ਪ੍ਰਯੋਜਨ ਲਈ, 'ਦੀਵਾਨੀ ਅਦਾਲਤ' ਅਤੇ 'ਫ਼ੌਜਦਾਰੀ ਅਦਾਲਤ' ਸ਼ਬਦਾਂ ਦੇ ਉਹੀ ਅਰਥ ਹੋਣਗੇ ਜੋ ਕ੍ਰਮਵਾਰ ਦੀਵਾਨੀ ਜ਼ਾਬਤਾ ਸੰਘਤਾ, 1908, ਅਤੇ ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਵਿੱਚ ਉਨ੍ਹਾਂ ਨੂੰ ਦਿੱਤੇ ਗਏ ਹਨ।

(2) ਰਾਜ ਸਰਕਾਰ ਦਾ ਸਬੰਧਤ ਪ੍ਰਬੰਧਕੀ ਵਿਭਾਗ, ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2008 ਦੇ ਅਰੰਭ ਹੋਣ ਦੀ ਤਰੀਕ ਤੋਂ ਛੇ ਮਹੀਨੇ ਦੇ ਅੰਦਰ, ਉਪ-ਧਾਰਾ (1) ਵਿੱਚ ਹਵਾਲਾ ਦਿੱਤੀਆਂ ਸਾਰੀਆਂ ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿੱਚ ਪੰਜਾਬੀ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਬੰਧਤ ਅਮਲੇ ਨੂੰ ਜ਼ਰੂਰੀ ਆਧਾਰਕ ਬਣਤ ਅਤੇ ਸਿਖਲਾਈ ਪ੍ਰਦਾਨ ਕਰਨ ਦੇ ਪ੍ਰਬੰਧ ਕਰੇਗਾ।

ਰਾਜ ਸਰਕਾਰ ਅਤੇ ਸਰਕਾਰੀ ਖੇਤਰ ਦੇ ਉਪਕ੍ਰਮਾਂ ਆਦਿ ਦੇ ਦਫ਼ਤਰਾਂ ਵਿੱਚ ਪੰਜਾਬੀ ਦੀ ਵਰਤੋਂ।

3-ਅ. ਰਾਜ ਸਰਕਾਰ, ਸਰਕਾਰੀ ਖੇਤਰ ਦੇ ਉਪਕ੍ਰਮਾਂ, ਬੋਰਡਾਂ ਅਤੇ ਸਥਾਨਕ ਬੌਡੀਆਂ ਦੇ ਸਾਰੇ ਦਫ਼ਤਰਾਂ ਅਤੇ ਰਾਜ ਸਰਕਾਰ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ, ਸਾਰਾ ਸਰਕਾਰੀ ਪੱਤਰ-ਵਿਹਾਰ ਪੰਜਾਬੀ ਵਿੱਚ ਕੀਤਾ ਜਾਵੇਗਾ।

ਉਹ ਸਰਕਾਰੀ ਪ੍ਰਯੋਜਨ ਅਧਿਸੂਚਿਤ ਕਰਨ ਦੀ ਸਰਕਾਰ ਦੀ ਸ਼ਕਤੀ ਜਿਨ੍ਹਾਂ ਲਈ ਪੰਜਾਬੀ ਵਰਤੀ ਜਾਵੇਗੀ।

4. ਰਾਜ ਸਰਕਾਰ, ਸਮੇਂ ਸਮੇਂ ਤੇ, ਅਧਿਸੂਚਨਾ ਦੁਆਰਾ, ਇਹ ਨਿਰਦੇਸ਼ ਦੇ ਸਕੇਗੀ ਕਿ ਪੰਜਾਬੀ ਰਾਜ ਦੇ ਅਜਿਹੇ ਸਰਕਾਰੀ ਪ੍ਰਯੋਜਨਾਂ ਲਈ ਅਤੇ ਅਜਿਹੀਆਂ ਤਰੀਕਾਂ ਤੋਂ ਵਰਤੀ ਜਾਵੇਗੀ ਜੋ ਅਧਿਸੂਚਨਾ ਵਿੱਚ ਅਧਿਸੂਚਿਤ ਕੀਤੀਆਂ ਜਾਣ।

ਬਿਲਾਂ ਆਦਿ ਵਿੱਚ ਵਰਤੀ ਜਾਣ ਵਾਲੀ ਭਾਸ਼ਾ।

5. ਅਜਿਹੀ ਤਰੀਕ ਨੂੰ ਅਤੇ ਤੋਂ ਜੋ ਰਾਜ ਸਰਕਾਰ, ਅਧਿਸੂਚਨਾ ਦੁਆਰਾ ਇਸ ਨਮਿੱਤ ਨਿਯਤ ਕਰੇ-

(ੳ) ਰਾਜ ਦੇ ਵਿਧਾਨ ਮੰਡਲ ਵਿੱਚ ਪੁਰਸਥਾਪਤ ਕੀਤੇ ਜਾਣ ਵਾਲੇ ਜਾਂ ਉਨ੍ਹਾਂ ਵਿੱਚ ਪੇਸ਼ ਕੀਤੀਆਂ ਜਾਣ ਵਾਲੀਆਂ ਸੋਧਾਂ;

(ਅ) ਰਾਜ ਦੇ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਸਾਰੇ ਐਕਟਾਂ;

(ੲ) ਸੰਵਿਧਾਨ ਦੇ ਅਨੁਛੇਦ 213 ਅਧੀਨ ਰਾਜਪਾਲ ਦੁਆਰਾ ਜਾਰੀ ਕੀਤੇ ਸਾਰੇ ਔਰਡੀਨੈਂਸਾਂ; ਅਤੇ

(ਸ) ਸੰਵਿਧਾਨ ਅਧੀਨ ਜਾਂ ਸੰਸਦ ਜਾਂ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਕਿਸੇ ਕਾਨੂੰਨ ਅਧੀਨ ਰਾਜ ਸਰਕਾਰ ਦੁਆਰਾ ਜਾਰੀ ਕੀਤੇ ਸਾਰੇ ਹੁਕਮਾਂ, ਨਿਯਮਾਂ, ਵਿਨਿਯਮਾਂ ਅਤੇ ਉਪ-ਕਾਨੂੰਨਾਂ, ਵਿੱਚ ਵਰਤੀ ਜਾਣ ਵਾਲੀ ਭਾਸ਼ਾ ਪੰਜਾਬੀ ਹੋਵੇਗੀ:

ਪਰੰਤੂ ਰਾਜ ਸਰਕਾਰ ਉਪਰ ਖੰਡ (ੳ) ਤੋਂ (ਸ) ਵਿੱਚ ਹਵਾਲਾ ਦਿੱਤੇ ਪ੍ਰਯੋਜਨਾਂ ਵਿੱਚੋਂ ਕਿਸੇ ਦੇ ਬਾਰੇ ਵਿੱਚ ਵੱਖ ਵੱਖ ਤਰੀਕਾਂ ਨਿਯਤ ਕਰ ਸਕੇਗੀ।

ਰਾਜ ਵਿਧਾਨ ਮੰਡਲ ਵਿੱਚ ਅੰਗਰੇਜ਼ੀ ਦੀ ਵਰਤੋਂ ਦਾ ਜਾਰੀ ਰਹਿਣਾ।

6. ਜਦ ਤੱਕ ਸਰਕਾਰ ਧਾਰਾ 4 ਅਧੀਨ ਅਧਿਸੂਚਨਾ ਦੁਆਰਾ ਹੋਰ ਤਰ੍ਹਾਂ ਨਿਰਦੇਸ਼ ਨਹੀਂ ਦਿੰਦੀ, ਰਾਜ ਦੇ ਵਿਧਾਨ ਮੰਡਲ ਵਿੱਚ ਕਾਰਜ ਕਰਨ ਲਈ ਰਾਜ ਦੀ ਰਾਜ ਭਾਸ਼ਾ ਜਾਂ ਹਿੰਦੀ ਤੋਂ ਇਲਾਵਾ ਅੰਗਰੇਜ਼ੀ ਦੀ ਵਰਤੋਂ ਜਾਰੀ ਰੱਖੀ ਜਾ ਸਕੇਗੀ।

ਕੇਂਦਰੀ ਅਤੇ ਰਾਜ ਐਕਟਾਂ ਆਦਿ ਦਾ ਅਧਿਕਾਰਤ ਪੰਜਾਬੀ ਅਨੁਵਾਦ।

6-ੳ. ਅਧਿਸੂਚਨਾ ਦੁਆਰਾ ਉਲਿਖਤ ਤਰੀਕੇ ਨੂੰ ਅਤੇ ਤੋਂ-

(ੳ) ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ III ਵਿੱਚ ਗਿਣੇ ਹੋਏ ਮਾਮਲਿਆਂ ਵਿੱਚੋਂ ਕਿਸੇ ਬਾਰੇ ਕਿਸੇ ਕੇਂਦਰੀ ਐਕਟ ਜਾਂ ਰਾਸ਼ਟਰਪਤੀ ਦੁਆਰਾ ਜਾਰੀ ਕਿਸੇ ਔਰਡੀਨੈਂਸ ਦਾ;

(ੳੳ) ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ II ਵਿੱਚ ਗਿਣੇ ਹੋਏ ਮਾਮਲਿਆਂ ਦੇ ਬਾਰੇ ਵਿੱਚ, ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਬਣਾਏ ਗਏ ਕਿਸੇ ਕੇਂਦਰੀ ਐਕਟ ਦਾ;

(ੳੳੳ) ਸੰਵਿਧਾਨ ਦੇ ਅਨੁਛੇਦ 252 ਅਧੀਨ ਪਾਸ ਕੀਤੇ ਕਿਸੇ ਕੇਂਦਰੀ ਐਕਟ ਦਾ;

(ਅ) ਕਿਸੇ ਰਾਜ ਐਕਟ ਦਾ ਜਾਂ ਰਾਜਪਾਲ ਦੁਆਰਾ ਜਾਰੀ ਕੀਤੇ ਕਿਸੇ ਔਰਡੀਨੈਂਸ ਦਾ; ਜਾਂ

(ੲ) ਸੰਵਿਧਾਨ ਅਧੀਨ ਜਾਂ ਸੰਸਦ ਜਾਂ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਅਧੀਨ ਰਾਜ ਸਰਕਾਰ ਦੁਆਰਾ ਜਾਰੀ ਕੀਤੇ ਕਿਸੇ ਹੁਕਮ, ਨਿਯਮ, ਵਿਨਿਯਮ ਜਾਂ ਉਪ-ਕਾਨੂੰਨ ਦਾ;

ਰਾਜ ਦੇ ਸਰਕਾਰੀ ਗਜ਼ਟ ਵਿੱਚ ਰਾਜਪਾਲ ਦੀ ਸੱਤਾ ਨਾਲ ਪ੍ਰਕਾਸ਼ਤ ਪੰਜਾਬੀ ਵਿੱਚ ਅਨੁਵਾਦ ਉਸ ਦਾ ਪੰਜਾਬੀ ਵਿੱਚ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

ਰਾਜ ਵਿੱਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿੱਚੋਂ ਕਿਸੇ ਵਿੱਚ ਪ੍ਰਤੀ ਬੇਨਤੀ ਪੇਸ਼ ਕਰਨ ਦਾ ਵਿਅਕਤੀ ਦਾ ਅਧਿਕਾਰ।

7. ਇਸ ਐਕਟ ਦੀ ਕੋਈ ਗੱਲ ਕਿਸੇ ਵਿਅਕਤੀ ਨੂੰ ਕਿਸੇ ਸ਼ਿਕਾਇਤ ਦੇ ਦੂਰ ਕਰਨ ਲਈ ਰਾਜ ਦੇ ਕਿਸੇ ਅਫ਼ਸਰ ਜਾਂ ਅਥਾਰਟੀ ਨੂੰ ਰਾਜ ਵਿੱਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿੱਚੋਂ ਕਿਸੇ ਵਿੱਚ, ਜਿਨ੍ਹਾਂ ਵਿੱਚ ਹਿੰਦੀ ਵੀ ਸ਼ਾਮਲ ਹੈ, ਪ੍ਰਤੀਬੇਨਤੀ ਪੇਸ਼ ਕਰਨ ਤੋਂ ਰੋਕਣ ਵਾਲੀ ਨਹੀਂ ਸਮਝੀ ਜਾਵੇਗੀ।

ਹਿੰਦੀ ਭਾਸ਼ਾ ਦਾ ਵਿਕਾਸ।

8. ਇਸ ਐਕਟ ਦੇ ਉਪਬੰਧਾਂ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਰਾਜ ਸਰਕਾਰ ਰਾਜ ਵਿੱਚ ਹਿੰਦੀ ਭਾਸ਼ਾ ਦਾ ਵਿਕਾਸ ਕਰਨ ਲਈ ਢੁੱਕਵੇਂ ਕਦਮ ਚੁੱਕੇਗੀ।

ਨਿਰੀਖਣ ਕਰਨ ਦੀ ਸ਼ਕਤੀ।

8-ੳ. ਡਾਇਰੈਕਟਰ, ਭਾਸ਼ਾਵਾਂ, ਪੰਜਾਬ ਜਾਂ ਉਸ ਦੁਆਰਾ ਅਧਿਕਾਰਤ ਉਸ ਦਾ ਕੋਈ ਵੀ ਅਧਿਕਾਰੀ, ਇਸ ਐਕਟ ਦੀਆਂ ਧਾਰਾਵਾਂ 3 ਅਤੇ 3-ਅ ਦੇ ਉਪਬੰਧਾਂ ਦਾ ਪਰਿਪਾਲਣ ਕਰਨ ਨੂੰ ਯਕੀਨੀ ਬਣਾਉਣ ਲਈ, ਰਾਜ ਸਰਕਾਰ, ਸਰਕਾਰੀ ਖੇਤਰ ਦੇ ਉਪਕ੍ਰਮ, ਬੋਰਡ ਜਾਂ ਨਿਗਮ ਦੇ ਕਿਸੇ ਦਫ਼ਤਰ, ਅਤੇ ਰਾਜ ਸਰਕਾਰ ਦੇ ਕਿਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੇ ਦਫ਼ਤਰ ਦਾ ਨਿਰੀਖਣ ਕਰ ਸਕੇਗਾ। ਉਪਰੋਕਤ ਦਫ਼ਤਰਾਂ ਦੇ ਰਿਕਾਰਡ ਸੰਭਾਲਣ ਵਾਲਾ ਅਧਿਕਾਰੀ ਜਾਂ ਕਰਮਚਾਰੀ, ਉਕਤ ਡਾਇਰੈਕਟਰ ਜਾਂ ਅਧਿਕਾਰੀ ਨੂੰ, ਨਿਰੀਖਣ ਲਈ ਅਜਿਹਾ ਰਿਕਾਰਡ ਉਪਲੱਬਧ ਕਰਵਾਏਗਾ।

ਰਾਜ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ।

8-ਅ. (1) ਰਾਜ ਪੱਧਰ 'ਤੇ ਇਸ ਐਕਟ ਦੇ ਉਪਬੰਧਾਂ ਦੀ ਨਜ਼ਰਸਾਨੀ ਕਰਨ ਅਤੇ ਪਰਿਪਾਲਣਾ ਨੂੰ ਯਕੀਨੀ ਬਣਾਉਣ ਲਈ ਇੱਕ ਰਾਜ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਗਠਤ ਕੀਤੀ ਜਾਵੇਗੀ।

(2) ਰਾਜ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਹੇਠ-ਲਿਖੇ ਵਿਅਕਤੀਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | | |
|---|---|---|---|
| (i) | ਸਿੱਖਿਆ ਮੰਤਰੀ, ਪੰਜਾਬ; | .. | ਚੇਅਰਮੈਨ |
| (ii) | ਮੀਡੀਆ ਸਲਾਹਕਾਰ, ਮੁੱਖ ਮੰਤਰੀ, ਪੰਜਾਬ ਜਾਂ ਮੁੱਖ ਮੰਤਰੀ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ ਕੋਈ ਹੋਰ ਵਿਅਕਤੀ; | .. | ਮੈਂਬਰ |
| (iii) | ਐਡਵੋਕੇਟ ਜਨਰਲ, ਪੰਜਾਬ ਜਾਂ ਉਸ ਦਾ ਪ੍ਰਤੀਨਿਧ; | .. | ਮੈਂਬਰ |
| (iv) | ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ; | .. | ਮੈਂਬਰ |
| (v) | ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ; | .. | ਮੈਂਬਰ |
| (vi) | ਕਾਨੂੰਨੀ ਮਸ਼ੀਰ ਅਤੇ ਸਕੱਤਰ, ਪੰਜਾਬ ਸਰਕਾਰ; | .. | ਮੈਂਬਰ |
| (vii) | ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਸਾਹਿਤ ਸਭਾਵਾਂ ਦੇ ਦੋ ਪ੍ਰਤੀਨਿਧ; | .. | ਮੈਂਬਰ |
| (viii) | ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤੇ | .. | ਮੈਂਬਰ |

| | | | |
|---|---|---|---|
| | ਜਾਣ ਵਾਲੇ ਪੰਜਾਬੀ ਪ੍ਰੈਸ ਨਾਲ ਸਹਿਯੁਕਤ ਤਿੰਨ ਪ੍ਰਸਿੱਧ ਵਿਅਕਤੀ; | | |
| (ix) | ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ, ਜਨਤਾ ਦੇ ਚਾਰ ਪ੍ਰਤੀਨਿਧ; ਅਤੇ | .. | ਮੈਂਬਰ |
| (x) | ਡਾਇਰੈਕਟਰ, ਭਾਸ਼ਾਵਾਂ, ਪੰਜਾਬ। | .. | ਕਨਵੀਨਰ |

(3) ਰਾਜ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਇਸ ਐਕਟ ਦੇ ਉਪਬੰਧਾਂ ਦੇ ਪਰਿਪਾਲਣ ਲਈ ਜ਼ਿਲ੍ਹਾ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਨੂੰ ਅਜਿਹੇ ਨਿਰਦੇਸ਼ ਦੇ ਸਕੇਗੀ, ਜਿਵੇਂ ਉਹ ਮੁਨਾਸਬ ਸਮਝੇ।

(4) ਰਾਜ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਛੇ ਮਹੀਨੇ ਵਿੱਚ ਘੱਟੋ-ਘੱਟ ਇੱਕ ਵਾਰ ਇਕੱਤਰ ਹੋਵੇਗੀ।

ਜ਼ਿਲ੍ਹਾ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ।

8-ਏ. (1) ਜ਼ਿਲ੍ਹਾ ਪੱਧਰ ਤੇ ਇਸ ਐਕਟ ਦੇ ਉਪਬੰਧਾਂ ਦੀ ਨਜ਼ਰਸਾਨੀ ਕਰਨ ਅਤੇ ਪਰਿਪਾਲਣ ਨੂੰ ਯਕੀਨੀ ਬਣਾਉਣ ਲਈ ਇੱਕ ਜ਼ਿਲ੍ਹਾ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਦਾ ਗਠਨ ਕੀਤਾ ਜਾਵੇਗਾ।

(2) ਜ਼ਿਲ੍ਹਾ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | | |
|---|---|---|---|
| (i) | ਮੁੱਖ ਮੰਤਰੀ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ, ਜ਼ਿਲ੍ਹੇ ਦਾ ਮੰਤਰੀ ਜਾਂ ਵਿਧਾਨ ਸਭਾ ਦਾ ਮੈਂਬਰ; | .. | ਚੇਅਰਮੈਨ |
| (ii) | ਡਿਪਟੀ ਕਮਿਸ਼ਨਰ; | .. | ਵਾਈਸ-ਚੇਅਰਮੇਨ |
| (iii) | ਜ਼ਿਲ੍ਹਾ ਸਿੱਖਿਆ ਅਧਿਕਾਰੀ; | .. | ਮੈਂਬਰ |
| (iv) | ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ, ਜ਼ਿਲ੍ਹੇ ਵਿੱਚ ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ; | .. | ਮੈਂਬਰ |
| (v) | ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ, ਪੰਜਾਬੀ ਪ੍ਰੈਸ ਨਾਲ ਸਹਿਯੁਕਤ ਤਿੰਨ ਵਿਅਕਤੀ; | .. | ਮੈਂਬਰ |
| (vi) | ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ; | .. | ਮੈਂਬਰ |
| (vii) | ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਜਨਤਾ ਦੇ ਦੋ ਪ੍ਰਤੀਨਿਧ; | .. | ਮੈਂਬਰ |
| (viii) | ਜ਼ਿਲ੍ਹਾ ਅਟਾਰਨੀ; ਅਤੇ | .. | ਮੈਂਬਰ |
| (ix) | ਜ਼ਿਲ੍ਹਾ ਭਾਸ਼ਾ ਅਧਿਕਾਰੀ। | .. | ਕਨਵੀਨਰ |

(3) ਜ਼ਿਲ੍ਹਾ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਉਪਕ੍ਰਮਾਂ, ਬੋਰਡਾਂ ਅਤੇ ਸਥਾਨਕ ਸੰਸਥਾਵਾਂ ਦੇ ਸਾਰੇ ਦਫ਼ਤਰਾਂ ਅਤੇ ਜ਼ਿਲ੍ਹਾ ਪੱਧਰ 'ਤੇ ਰਾਜ ਸਰਕਾਰ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਇਸ ਐਕਟ ਦੇ ਉਪਬੰਧਾਂ ਦੇ ਪਰਿਪਾਲਣ ਦੀ ਨਜ਼ਰਸਾਨੀ ਕਰੇਗੀ, ਅਤੇ ਰਾਜ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਨੂੰ ਇੱਕ ਰਿਪੋਟ ਭੇਜੇਗੀ।

(4) ਜ਼ਿਲ੍ਹਾ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਇਸ ਐਕਟ ਦੇ ਉਪਬੰਧਾਂ ਦੇ ਪਰਿਪਾਲਣ ਦੇ ਬਾਬਤ ਰਾਜ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੇਗੀ ਅਤੇ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਬਾਰੇ ਵਾਪਸ ਰਿਪੋਟ ਕਰੇਗੀ।

(5) ਜ਼ਿਲ੍ਹਾ ਪੱਧਰੀ ਸ਼ਕਤੀ ਪ੍ਰਾਪਤ ਕਮੇਟੀ ਦੋ ਮਹੀਨੇ ਵਿੱਚ ਇੱਕ ਵਾਰ ਇਕੱਤਰ ਹੋਵੇਗੀ।

8-ਸ. (1) ਜੇ ਉਪਰੋਕਤ ਦਫ਼ਤਰਾਂ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਜਾਰੀ ਅਧਿਸੂਚਨਾ ਦੀ ਵਾਰ-ਵਾਰ ਉਲੰਘਣਾ ਕਰਨ ਦਾ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਹ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਦੇ ਅਧੀਨ ਅਨੁਸ਼ਾਸਨੀ ਕਾਰਵਾਈ ਲਈ ਭਾਗੀ ਹੋਵੇਗਾ। ਸਜ਼ਾ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਦੋਸ਼ੀ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਕਾਰਵਾਈ, ਸਬੰਧਤ ਸ਼ਕਤਵਾਨ ਅਥਾਰਟੀ ਦੁਆਰਾ, ਡਾਇਰੈਕਟਰ, ਭਾਸ਼ਾਵਾਂ, ਪੰਜਾਬ ਦੁਆਰਾ ਕੀਤੀ ਗਈ ਸਿਫ਼ਾਰਸ਼ ਦੇ ਆਧਾਰ 'ਤੇ ਕੀਤੀ ਜਾਵੇਗੀ:

ਪਰੰਤੂ ਕੋਈ ਅਨੁਸ਼ਾਸਨੀ ਕਾਰਵਾਈ ਕਰਨ ਤੋਂ ਪਹਿਲਾਂ, ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੂੰ ਸੁਣਵਾਈ ਦਾ ਅਵਸਰ ਦਿੱਤਾ ਜਾਵੇਗਾ।

(3) ਜੇ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਜਾਰੀ ਅਧਿਸੂਚਨਾ ਦੀ ਖ਼ਿਲਾਫ਼ਵਰਜ਼ੀ ਕਰਦਾ ਹੈ, ਤਾਂ ਡਾਇਰੈਕਟਰ, ਭਾਸ਼ਾਵਾਂ ਇਸ ਨੂੰ ਪਹਿਲੀ ਨਜ਼ਰੇ ਮਾਮਲਾ ਸਮਝਦੇ ਹਨ ਅਤੇ ਕਾਰਨ ਦੱਸਣ ਲਈ ਨੋਟਿਸ ਜਾਰੀ ਕਰਨ ਤੇ, ਜੇ ਅਧਿਕਾਰੀ ਜਾਂ ਕਰਮਚਾਰੀ ਦੁਆਰਾ ਦਾਇਰ ਕੀਤਾ ਗਿਆ ਜਵਾਬ ਤਸੱਲੀਬਖਸ਼ ਨਹੀਂ ਹੈ, ਤਾਂ ਉਹ ਪਹਿਲੀ ਵਾਰ ਪੰਜ ਸੌ ਰੁਪਏ ਦੇ ਜੁਰਮਾਨੇ ਦਾ ਭਾਗੀ ਹੋਵੇਗਾ ਅਤੇ ਜੇ ਉਹ ਦੂਜੀ ਵਾਰ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਹ ਦੋ ਹਜਾਰ ਰੁਪਏ ਤੱਕ ਦੇ ਜੁਰਮਾਨੇ ਦਾ ਭਾਗੀ ਹੋਵੇਗਾ ਅਤੇ ਜੇ ਉਹ ਤੀਜੀ ਵਾਰ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਹ ਪੰਜ ਹਜਾਰ ਰੁਪਏ ਤੱਕ ਦੇ ਜੁਰਮਾਨੇ ਦਾ ਭਾਗੀ ਹੋਵੇਗਾ। ਅਜਿਹਾ ਜੁਰਮਾਨਾ ਸਬੰਧਤ ਪ੍ਰਾਪਕ ਅਤੇ ਵੰਡ ਅਫ਼ਸਰ ਦੁਆਰਾ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਦੀ ਤਨਖਾਹ ਵਿੱਚੋਂ ਵਸੂਲਿਆ ਜਾਵੇਗਾ:

ਪ੍ਰੰਤੂ ਅਜਿਹਾ ਜੁਰਮਾਨਾ ਵਸੂਲਣ ਤੋਂ ਪਹਿਲਾਂ, ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੂੰ ਸੁਣਵਾਈ ਦਾ ਅਵਸਰ ਦਿੱਤਾ ਜਾਵੇਗਾ।

1960 ਦੇ ਪੰਜਾਬ ਐਕਟ ਨੰ: 28 ਦਾ ਨਿਰਸਨ।

9. ਪੰਜਾਬ ਰਾਜ ਭਾਸ਼ਾ ਐਕਟ, 1960, ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3561/11-2025/Pb. Govt. Press, S.A.S. Nagar*

ਭਾਗ -1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 21 ਨਵੰਬਰ, 2025

**ਨੰ. 55/ਭ:ਕ/2025.-** ਪੰਜਾਬ ਰਾਜ ਕੈਂਸਰ ਅਤੇ ਭੇਖਜ ਨਸ਼ਾ ਇਲਾਜ ਅਧਾਰਕ ਬਣਤ ਫ਼ੰਡ ਐਕਟ, 2013 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 21st November, 2025

**No. 55/L.C./2025.-** The Translation in Punjabi of the Punjab State Cancer and Drug Addiction Treatment Infrastructure Fund Act, 2013 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਰਾਜ ਕੈਂਸਰ ਅਤੇ ਭੇਖਜ਼ ਨਸ਼ਾ ਇਲਾਜ ਅਧਾਰਕ ਬਣਤ ਫ਼ੰਡ ਐਕਟ, 2013

(2013 ਦਾ ਪੰਜਾਬ ਐਕਟ ਨੰ. 27)

ਕੈਂਸਰ ਅਤੇ ਭੇਖਜ਼ ਨਸ਼ੇ ਦੇ ਇਲਾਜ ਲਈ ਅਧਾਰਕ ਬਣਤ ਦੀ ਸਿਰਜਣਾ ਦਾ ਸਮਰਥਨ ਕਰਨ ਅਤੇ ਇਸ ਨਾਲ ਸੰਬੰਧਤ ਅਤੇ ਇਸ ਨਾਲ ਅਨੁਸੰਗਕ ਮਾਮਲਿਆਂ ਲਈ ਇੱਕ ਫ਼ੰਡ ਗਠਤ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਚੌਂਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਰਾਜ ਕੈਂਸਰ ਅਤੇ ਭੇਖਜ ਨਸ਼ਾ ਇਲਾਜ ਅਧਾਰਕ ਬਣਤ ਫ਼ੰਡ ਐਕਟ, 2013 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ ।

(ੳ) "ਐਕਟ" ਦਾ ਮਤਲਬ ਹੈ ਪੰਜਾਬ ਰਾਜ ਕੈਂਸਰ ਅਤੇ ਭੇਖਜ ਨਸ਼ਾ ਇਲਾਜ ਅਧਾਰਕ ਬਣਤ ਫ਼ੰਡ ਐਕਟ;

(ਅ) "ਬੋਰਡ" ਦਾ ਮਤਲਬ ਹੈ ਧਾਰਾ 3 ਅਧੀਨ ਗਠਤ ਪੰਜਾਬ ਰਾਜ ਕੈਂਸਰ ਅਤੇ ਭੇਖਜ ਨਸ਼ਾ ਇਲਾਜ ਅਧਾਰਕ ਬਣਤ ਫ਼ੰਡ ਬੋਰਡ;

(ੲ) "ਫ਼ੰਡ" ਦਾ ਮਤਲਬ ਹੈ ਧਾਰਾ 4 ਅਧੀਨ ਗਠਤ ਪੰਜਾਬ ਰਾਜ ਕੈਂਸਰ ਅਤੇ ਭੇਖਜ ਨਸ਼ਾ ਇਲਾਜ ਅਧਾਰਕ ਬਣਤ ਫ਼ੰਡ;

(ਸ) "ਸਰਕਾਰ" ਦਾ ਮਤਲਬ ਹੈ ਪੰਜਾਬ ਸਰਕਾਰ ਦਾ ਸਿਹਤ ਵਿਭਾਗ;

(ਹ) "ਮੁਕੱਰਰ" ਦਾ ਮਤਲਬ ਹੈ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ; ਅਤੇ

(ਕ) "ਧਾਰਾ" ਦਾ ਮਤਲਬ ਹੈ ਐਕਟ ਦੀ ਧਾਰਾ।

ਬੋਰਡ ਦਾ ਗਠਨ। 3. ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨਾਂ ਲਈ, ਪੰਜਾਬ ਰਾਜ ਕੈਂਸਰ ਅਤੇ ਭੇਖਜ ਨਸ਼ਾ ਇਲਾਜ ਅਧਾਰਕ ਬਣਤ ਬੋਰਡ ਕਹਾਉਣ ਵਾਲਾ ਬੋਰਡ ਹੋਵੇਗਾ, ਜਿਸ ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ:-

| | | | |
|---|---|---|---|
| (i) | ਮੁੱਖ ਮੰਤਰੀ, ਪੰਜਾਬ; | : | ਚੇਅਰਮੈਨ |
| (ii) | ਵਿੱਤ ਮੰਤਰੀ, ਪੰਜਾਬ; | : | ਮੈਂਬਰ |
| (iii) | ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ, ਪੰਜਾਬ; | : | ਮੈਂਬਰ |
| (iv) | ਸਿਹਤ ਮੰਤਰੀ, ਪੰਜਾਬ; | : | ਮੈਂਬਰ |
| (v) | ਮੁੱਖ ਸਕੱਤਰ, ਪੰਜਾਬ; | : | ਮੈਂਬਰ |
| (vi) | ਪ੍ਰਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ; | : | ਮੈਂਬਰ-ਸਕੱਤਰ |
| (vii) | ਪ੍ਰਮੁੱਖ ਸਕੱਤਰ, ਵਿੱਤ, ਪੰਜਾਬ; | : | ਮੈਂਬਰ |
| (viii) | ਪ੍ਰਮੁੱਖ ਸਕੱਤਰ, ਮੁੱਖ ਮੰਤਰੀ, ਪੰਜਾਬ; ਅਤੇ | : | ਮੈਂਬਰ |
| (ix) | ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ। | : | ਮੈਂਬਰ |

ਫ਼ੰਡ ਦਾ ਗਠਨ। 4. ਪੰਜਾਬ ਰਾਜ ਕੈਂਸਰ ਅਤੇ ਭੇਖਜ ਨਸ਼ਾ ਇਲਾਜ ਅਧਾਰਕ ਬਣਤ ਫ਼ੰਡ ਕਹਾਉਣ ਵਾਲਾ ਇੱਕ ਫ਼ੰਡ ਗਠਤ ਕੀਤਾ ਜਾਵੇਗਾ, ਜੋ ਧਾਰਾ 3 ਅਧੀਨ ਗਠਤ ਬੋਰਡ ਵਿੱਚ ਨਿਹਿਤ ਹੋਵੇਗਾ।

ਪ੍ਰਯੋਜਨ ਜਿਨ੍ਹਾਂ ਲਈ ਫ਼ੰਡ ਵਰਤਿਆ ਜਾ ਸਕੇਗਾ। 5. ਫ਼ੰਡ ਹੇਠ-ਲਿਖੇ ਪ੍ਰਯੋਜਨਾਂ ਲਈ ਵਰਤਿਆ ਜਾਵੇਗਾ:-

(ੳ) ਕੈਂਸਰ ਦੇ ਮਰੀਜ਼ਾਂ ਦੇ ਇਲਾਜ ਅਤੇ ਮੁੜ-ਵਸੇਬੇ ਲਈ ਅਤੇ ਭੇਖਜ ਕਰਨ ਵਾਲਿਆਂ ਨੂੰ ਨਸ਼ਾ ਮੁਕਤ ਕਰਨ ਲਈ ਇਮਾਰਤਾਂ, ਮਸ਼ੀਨਰੀ ਅਤੇ ਸਾਜੋ-ਸਮਾਨ ਸਮੇਤ ਅਧਾਰਕ ਬਣਤ ਸਿਰਜਣਾ ਅਤੇ ਅਪਗ੍ਰੇਡ ਕਰਨਾ;

(ਅ) ਕਿਸੇ ਵੀ ਸਾਧਨ ਰਾਹੀਂ ਕੈਂਸਰ ਦੀ ਰੋਕਥਾਮ, ਸੂਹ ਲਭਾਈ ਅਤੇ ਇਲਾਜ ਬਾਰੇ ਜਾਗਰੂਕਤਾ ਪੈਦਾ ਕਰਨਾ;

(ੲ) ਭੇਖਜ ਅਤੇ ਭੇਖਜ ਨਸ਼ਾ ਦੇ ਮਾੜੇ ਪ੍ਰਭਾਵਾਂ ਅਤੇ ਇਸਦੀ ਰੋਕਥਾਮ ਅਤੇ ਭੇਖਜ ਨਸ਼ੇ ਦੇ ਇਲਾਜ ਦੇ ਮੌਕਿਆਂ ਬਾਰੇ ਜਾਗਰੂਕਤਾ ਸਿਰਜਣਾ; ਅਤੇ

(ਸ) ਰਾਜ ਵਿੱਚ ਕੈਂਸਰ ਅਤੇ ਭੇਖਜ ਨਸ਼ੇ ਤੋਂ ਪੀੜਤ ਮਰੀਜ਼ਾਂ ਦੀ ਭਲਾਈ ਨੂੰ ਅੱਗੇ ਵਧਾਉਣ ਲਈ ਕਿਸੇ ਹੋਰ ਉਦੇਸ਼ ਲਈ ਜਿਵੇਂ ਬੋਰਡ ਦੁਆਰਾ ਮੁਕੱਰਰ ਕੀਤਾ ਗਿਆ ਹੈ।

ਫ਼ੰਡ ਵਿੱਚ ਅੰਸ਼ਦਾਨ। 6. (1) ਹੇਠ-ਲਿਖੇ ਫ਼ੰਡ ਵਿੱਚ ਅੰਸ਼ਦਾਨ ਪਾਉਣਗੇ ਅਰਥਾਤ:-

(ੳ) ਸਰਕਾਰ, ਅਰਧ-ਸਰਕਾਰੀ ਏਜੰਸੀਆਂ, ਸ਼ਹਿਰੀ ਸਥਾਨਕ ਬੌਡੀਆਂ, ਸੁਧਾਰ ਟਰੱਸਟਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੁਆਰਾ ਖ਼ਾਲੀ ਸਰਕਾਰੀ ਭੋਂ ਦੀ ਸਰਵੋਤਮ ਉਪਯੋਗਤਾ (ਓ.ਯੂ.ਵੀ.ਜੀ.ਐੱਲ) ਸਮੇਤ ਅਚੁੱਕਵੀਂ ਸੰਪੱਤੀਆਂ ਦੀ ਨਿਲਾਮੀ ਕੀਮਤ ਜਾਂ ਵਿਕਰੀ ਕੀਮਤ ਜਾਂ ਅਲਾਟਮੈਂਟ ਕੀਮਤ ਤੋਂ ਇਲਾਵਾ, ਜਿਹੀ ਕਿ ਸੂਰਤ ਹੋਵੇ, ਨਿਲਾਮੀ ਜਾਂ

ਵਿਕਰੀ ਜਾਂ ਅਲਾਟਮੈਂਟ ਦੇ ਤੌਰ ਤੇ ਬੋਲੀ ਦੇਣ ਵਾਲਿਆਂ ਤੋਂ ਵਸੂਲ ਕੀਤੀ ਰਕਮ ਦਾ ਪ੍ਰਤੀਸ਼ਤ, ਜਿਵੇਂ ਕਿ ਸਰਕਾਰ ਦੁਆਰਾ ਸਮੇਂ-ਸਮੇਂ ਤੇ ਹਰੇਕ ਮਾਮਲੇ ਵਿੱਚ ਅਧਿਸੂਚਤ ਕੀਤਾ ਜਾਂਦਾ ਹੈ;

(ਅ) ਰਾਜ ਸਰਕਾਰ ਦੇ ਵਿਭਾਗਾਂ ਦੁਆਰਾ ਸਥਾਪਤ ਸੋਸਾਇਟੀਆਂ ਅਤੇ ਟਰੱਸਟਾਂ ਦੁਆਰਾ ਵਸੂਲ ਕੀਤੇ ਮਾਲੀਏ ਦਾ ਪ੍ਰਤੀਸ਼ਤ, ਅਜਿਹੀਆਂ ਸੋਸਾਇਟੀਆਂ ਅਤੇ ਟਰੱਸਟਾਂ ਨੂੰ ਰਾਜ ਜਾਂ ਕੇਂਦਰੀ ਸਰਕਾਰ ਤੋਂ ਪ੍ਰਾਪਤ ਸਹਾਇਕ ਗ੍ਰਾਂਟਾਂ ਨੂੰ ਛੱਡ ਕੇ, ਜਿਵੇਂ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਹਰੇਕ ਮਾਮਲੇ ਵਿੱਚ ਅਧਿਸੂਚਤ ਕੀਤਾ ਜਾਂਦਾ ਹੈ;

(ੲ) ਪੰਜਾਬ ਸਰਕਾਰ ਜਾਂ ਰਾਜ ਦੇ ਪੀ.ਐੱਸ.ਯੂ/ਬੋਰਡਾਂ/ਨਿਗਮਾਂ/ਸਰਵ-ਉੱਚ ਸਹਿਕਾਰੀ, ਸ਼ਹਿਰੀ ਸਥਾਨਕ ਬੌਡੀਆਂ, ਸੁਧਾਰ ਟਰੱਸਟਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਤੋਂ ਉਹਨਾਂ ਦੀ ਮਰਜੀ ਅਨੁਸਾਰ ਪ੍ਰਾਪਤ ਸਹਾਇਕ ਗ੍ਰਾਂਟਾਂ ਜਾਂ ਅੰਸ਼ਦਾਨ, ਜਿਵੇਂ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਹਰੇਕ ਮਾਮਲੇ ਵਿੱਚ ਅਧਿਸੂਚਤ ਕੀਤਾ ਜਾਂਦਾ ਹੈ;

(ਸ) ਪੰਦਰਾਂ ਕਰੋੜ ਰੁਪਏ ਤੋਂ ਵੱਧ ਮੁੱਲ ਦੇ ਪ੍ਰੋਜੈਕਟਾਂ ਦੀ ਅਧਾਰਕ ਬਣਤ ਵਿਕਾਸ ਪ੍ਰੋਜੈਕਟਾਂ ਰਾਹੀਂ ਉਗਰਾਹੀ ਕੀਤੇ ਫ਼ੰਡਾਂ ਦਾ ਪ੍ਰਤੀਸ਼ਤ, ਜਿਵੇਂ ਕਿ ਲੋਕ ਨਿਰਮਾਣ ਵਿਭਾਗ, ਮੰਡੀ ਬੋਰਡ, ਪੰਜਾਬ ਅਧਾਰਕ ਬਣਤ ਵਿਕਾਸ ਬੋਰਡ ਅਤੇ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ ਵਰਗੀਆਂ ਏਜੰਸੀਆਂ ਦੁਆਰਾ ਜਾਂ ਰਾਜ ਫ਼ੰਡਿੰਗ ਰਾਹੀਂ ਕੀਤੀਆਂ ਗਈਆਂ ਸੜਕਾਂ, ਪੁਲਾਂ ਅਤੇ ਫਲਾਈਓਵਰਾਂ ਦੀ ਉਸਾਰੀ;

(ਹ) ਕਿਸੇ ਵੀ ਕਰ ਜਾਂ ਉਪ-ਕਰ 'ਤੇ ਸਰਚਾਰਜ, ਜਿਵੇਂ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਅਧਿਸੂਚਤ ਕੀਤਾ ਗਿਆ ਹੋਵੇ; ਅਤੇ

(ਕ) ਅਜਿਹੇ ਹੋਰ ਅੰਸ਼ਦਾਨ, ਜਿਵੇਂ ਸਰਕਾਰ ਦੁਆਰਾ ਸਮੇਂ-ਸਮੇਂ ਤੇ ਅਧਿਸੂਚਤ ਕੀਤੇ ਗਏ ਹੋਣ।

(2) ਸਰਕਾਰ, ਰਾਜ ਸਰਕਾਰ ਦੇ ਹੋਰ ਵਿਭਾਗ ਅਤੇ ਖੰਡ (ੳ) ਤੋਂ (ਸ) ਵਿੱਚ ਜ਼ਿਕਰ ਕੀਤੀਆਂ ਅਤੇ ਖੰਡ (ਹ) ਅਤੇ (ਕ) ਦੇ ਅਧੀਨ ਅਧਿਸੂਚਤ ਕੀਤੀਆਂ ਜਾਣ ਵਾਲੀਆਂ ਏਜੰਸੀਆਂ, ਇਸ ਤਰ੍ਹਾਂ ਅਧਿਸੂਚਤ ਕੀਤੀ ਗਈ ਰਕਮ ਨੂੰ ਇਕੱਤਰ ਕਰਨ ਅਤੇ ਉਸਨੂੰ ਫ਼ੰਡ ਵਿੱਚ ਜਮ੍ਹਾਂ ਕਰਨ ਲਈ ਨੋਡਲ ਵਿਭਾਗ/ਏਜੰਸੀਆਂ ਹੋਣਗੀਆਂ।

7. ਫ਼ੰਡ ਦਾ ਪ੍ਰਬੰਧਨ ਬੋਰਡ ਦੁਆਰਾ ਅਤੇ ਬੋਰਡ ਦੇ ਨਾਮ 'ਤੇ ਜਾਂ ਜਿਵੇਂ ਮੁਕੱਰਰ ਕੀਤਾ ਗਿਆ ਹੈ, ਕੀਤਾ ਜਾਵੇਗਾ। ਫ਼ੰਡ ਦਾ ਪ੍ਰਬੰਧਨ।

8. ਧਾਰਾ 4 ਅਧੀਨ ਗਠਤ ਕੀਤੇ ਗਏ ਫ਼ੰਡ ਦੇ ਲੇਖੇ ਨਿਰੀਖਕ ਸਥਾਨਕ ਫ਼ੰਡ ਲੇਖੇ, ਪੰਜਾਬ ਦੁਆਰਾ ਆਡਿਟ ਕੀਤੇ ਜਾਣਗੇ। ਆਡਿਟ।

9. ਕਿਸੇ ਦੀਵਾਨੀ ਅਦਾਲਤ ਨੂੰ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਪੈਦਾ ਹੋਣ ਵਾਲੇ ਮਾਮਲਿਆਂ ਨਾਲ ਸਬੰਧਤ ਕਿਸੇ ਵੀ ਸਵਾਲ ਨੂੰ ਗ੍ਰਹਿਣ ਕਰਨ ਜਾਂ ਫ਼ੈਸਲਾ ਕਰਨ ਦੀ ਕੋਈ ਅਧਿਕਾਰਤਾ ਨਹੀਂ ਹੋਵੇਗੀ। ਅਧਿਕਾਰਤਾ ਤੇ ਰੋਕ।

ਨੇਕਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਓ ।

10. (1) ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਅਨੁਸਰਣ ਵਿੱਚ ਨੇਕਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੇ ਬਾਰੇ ਵਿੱਚ ਕਿਸੇ ਵਿਅਕਤੀ ਵਿਰੁੱਧ ਕੋਈ ਦਾਵਾ, ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

(2) ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਅਨੁਸਰਣ ਵਿੱਚ ਨੇਕਨੀਤੀ ਨਾਲ ਕੀਤੇ ਗਏ ਜਾਂ ਕੀਤੇ ਜਾਣੇ ਚਿਤਵਤ ਕਿਸੇ ਨੁਕਸਾਨ ਲਈ ਸਰਕਾਰ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ ।

11. ਰਾਜ ਸਰਕਾਰ, ਅਧਿਸੂਚਨਾ ਦੁਆਰਾ, ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

ਕਠਨਾਈ ਦੂਰ ਕਰਨ ਦੀ ਸ਼ਕਤੀ ।

12. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਸਰਕਾਰ, ਹੁਕਮ ਦੁਆਰਾ, ਅਜਿਹੇ ਉਪਬੰਧ ਕਰ ਸਕੇਗੀ ਜਿਸ ਵਿੱਚ ਇਸ ਐਕਟ ਦੇ ਕਿਸੇ ਉਪਬੰਧਾਂ ਦਾ ਕੋਈ ਅਨੁਕੂਲਣ ਜਾਂ ਰੂਪਭੇਦ ਸ਼ਾਮਲ ਹੈ, ਜੋ ਸਰਕਾਰ ਨੂੰ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਆਰੰਭ ਹੋਣ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਨ ਪਿੱਛੋਂ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

ਪਰਮ ਪ੍ਰਭਾਵੀ ਹੋਣਾ ।

13. ਇਸ ਐਕਟ ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ, ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧ ਪੰਜਾਬ ਨਗਰਪਾਲਕਾ ਨਿਗਮ ਐਕਟ, 1976, ਪੰਜਾਬ ਨਗਰਪਾਲਕਾ ਐਕਟ, 1911, ਪੰਜਾਬ ਨਗਰ ਸੁਧਾਰ ਐਕਟ, 1922, ਪੰਜਾਬ ਪੰਚਾਇਤੀ ਰਾਜ ਐਕਟ, 1994, ਪੰਜਾਬ ਖੇਤਰੀ ਅਤੇ ਨਗਰ ਯੋਜਨਾਬੰਦੀ ਅਤੇ ਵਿਕਾਸ ਐਕਟ, 1995, ਪੰਜਾਬ ਆਬਕਾਰੀ ਐਕਟ, 1914, ਪੰਜਾਬ ਜ਼ਰਾਇਤੀ ਉਤਪਾਦਨ ਮੰਡੀ ਐਕਟ, 1961 ਅਤੇ ਪੰਜਾਬ ਰਿਹਾਇਸ਼ੀ ਮਕਾਨ ਅਤੇ ਸੰਪੱਤੀ ਵਿਨਿਯਮਨ ਐਕਟ, 1995 ਜਾਂ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਅਸੰਗਤ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪਰਮ ਪ੍ਰਭਾਵੀ ਹੋਣਗੇ।

**ਬੀ.ਬੀ.ਐੱਸ ਤੇਜੀ,**

ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ।

*3561/11-2025/Pb. Govt. Press, S.A.S. Nagar*

ਭਾਗ–I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 21 ਨਵੰਬਰ, 2025

ਨੰ. 56/ਭ:ਕ/2025.— ਪੰਜਾਬ ਝੁੱਗੀ-ਨਿਵਾਸੀ (ਮਾਲਕਾਨਾ ਅਧਿਕਾਰ) ਐਕਟ, 2020 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 21st November, 2025

**No. 56/L.C./2025.**— The Translation in Punjabi of the Punjab Slum Dwellers (Proprietary Rights) Act, 2020 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਝੁੱਗੀ-ਨਿਵਾਸੀ (ਮਾਲਕਾਨਾ ਅਧਿਕਾਰ) ਐਕਟ, 2020

(2020 ਦਾ ਪੰਜਾਬ ਐਕਟ ਨੰ. 7)

ਪੰਜਾਬ ਰਾਜ ਦੇ ਸ਼ਹਿਰੀ ਕਸਬਿਆਂ ਅਤੇ ਸ਼ਹਿਰਾਂ ਦੇ ਝੁੱਗੀ ਵਾਲੇ ਖੇਤਰਾਂ ਵਿੱਚ ਮੁੱਢਲੀਆਂ ਨਾਗਰਿਕ ਸੇਵਾਵਾਂ ਦੇ ਸਥਿਰ ਵਿਕਾਸ ਲਈ ਝੁੱਗੀ-ਝੌਂਪੜੀ ਨਿਵਾਸੀਆਂ ਨੂੰ ਭੋਂ ਦੇ ਮਾਲਕੀ ਅਧਿਕਾਰ ਪ੍ਰਦਾਨ ਕਰਨ ਅਤੇ ਸਰੋਤਾਂ ਦੇ ਸਰਬੋਤਮ ਉਪਯੋਗ ਰਾਹੀਂ ਉਨ੍ਹਾਂ ਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਇੱਕਹੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਝੁੱਗੀ-ਨਿਵਾਸੀ (ਮਾਲਕਾਨਾ ਅਧਿਕਾਰ) ਐਕਟ, 2020 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ ਅਤੇ ਅਰੰਭ ।

(2) ਇਹ ਐਕਟ ਪੂਰੇ ਪੰਜਾਬ ਰਾਜ 'ਤੇ ਲਾਗੂ ਹੋਵੇਗਾ।

(3) ਇਹ ਐਕਟ ਸਰਕਾਰੀ ਗਜ਼ਟ ਵਿੱਚ ਇਸ ਦੇ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

2. (1) ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ ।

(ੳ) "ਅਧਿਕਾਰਤ ਅਫ਼ਸਰ" ਦਾ ਮਤਲਬ ਹੈ ਝੁੱਗੀ-ਝੌਂਪੜੀ ਪੁਨਰ-ਵਿਕਾਸ ਅਤੇ ਪੁਨਰਵਾਸ ਕਮੇਟੀ ਦਾ ਮੁੱਖੀ ਜਾਂ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰਨ ਲਈ, ਜੋ ਮੁਕੱਰਰ ਕੀਤੀਆਂ ਜਾਣ, ਸਰਕਾਰ ਦੇ ਹੁਕਮ ਦੁਆਰਾ ਅਧਿਕਾਰਤ ਕੋਈ ਅਫ਼ਸਰ;

(ਅ) "ਮੁੱਢਲੀਆਂ ਨਾਗਰਿਕ ਸੇਵਾਵਾਂ" ਦਾ ਮਤਲਬ ਹੈ ਪੀਣ ਵਾਲੇ ਪਾਣੀ ਦੀ ਸਪਲਾਈ, ਸਫ਼ਾਈ, ਜਲ ਨਿਕਾਸ, ਸੀਵਰੇਜ, ਠੋਸ ਰਹਿੰਦ-ਖੂੰਹਦ ਦੇ ਨਿਪਟਾਰੇ, ਗਲੀਆਂ ਦੀ ਰੋਸ਼ਨੀ ਅਤੇ ਸ਼ਹਿਰੀ ਵਾਤਾਵਰਣ ਸੁਧਾਰ ਦੀਆਂ ਸੇਵਾਵਾਂ;

(ੲ) "ਕੁਲੈਕਟਰ" ਦਾ ਮਤਲਬ ਹੈ ਕਿਸੇ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਅਤੇ ਇਸ ਵਿੱਚ ਵਧੀਕ ਡਿਪਟੀ ਕਮਿਸ਼ਨਰ ਜਾਂ ਨਗਰ ਨਿਗਮ ਦਾ ਕਮਿਸ਼ਨਰ ਜਾਂ ਇਸ ਐਕਟ ਅਧੀਨ ਕੁਲੈਕਟਰ ਦੇ ਕਾਰਜ ਨਿਭਾਉਣ ਲਈ ਸਰਕਾਰ ਦੁਆਰਾ ਵਿਸ਼ੇਸ਼ ਤੌਰ ਤੇ ਨਿਯੁਕਤ ਕੀਤਾ ਗਿਆ ਕੋਈ ਵੀ ਅਧਿਕਾਰੀ ਸ਼ਾਮਲ ਹੈ;

(ਸ) "ਕਮੇਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 6 ਅਧੀਨ ਗਠਤ ਝੁੱਗੀ-ਝੌਂਪੜੀ ਪੁਨਰ ਵਿਕਾਸ ਅਤੇ ਪੁਨਰਵਾਸ ਕਮੇਟੀ;

(ਹ) "ਆਰਥਿਕ ਤੌਰ 'ਤੇ ਕਮਜ਼ੋਰ ਵਰਗ (ਈ.ਡਬਲਯੂ.ਐੱਸ)" ਦਾ ਮਤਲਬ ਹੈ ਲਾਭਪਾਤਰੀਆਂ ਦਾ ਉਹ ਵਰਗ ਜਿਸਦੀ ਘਰੇਲੂ ਆਮਦਨ ਅਜਿਹੀ ਸੀਮਾ ਤੱਕ ਹੈ ਜੋ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਅਧਿਸੂਚਿਤ ਕੀਤੀ ਜਾਵੇ ਅਤੇ ਭੂਮੀਹੀਣ ਹੈ;

(ਕ) "ਪਰਿਵਾਰ" ਦਾ ਮਤਲਬ ਹੈ ਪਤੀ, ਪਤਨੀ, ਅਣਵਿਆਹਿਆ ਪੁੱਤਰ, ਅਣਵਿਆਹੀ ਧੀ ਜਾਂ ਕੋਈ ਹੋਰ ਵਿਅਕਤੀ ਜੋ ਲਹੂ ਦੁਆਰਾ ਰਿਸ਼ਤੇਦਾਰ ਹੈ ਅਤੇ ਝੁੱਗੀ-ਝੌਂਪੜੀ ਵਾਲੇ ਵਿਅਕਤੀ 'ਤੇ ਪੂਰੀ ਤਰ੍ਹਾਂ ਨਿਰਭਰ ਹੈ;

(ਖ) "ਵਿੱਤੀ ਸੰਸਥਾ" ਦਾ ਮਤਲਬ ਹੈ ਕੋਈ ਵੀ ਸੰਸਥਾ ਜਾਂ ਕੰਪਨੀ ਜਿਸ ਕੋਲ ਬੈਂਕਿੰਗ ਵਿਨਿਯਮ ਐਕਟ, 1949 ਦੇ ਅਧੀਨ ਬੈਂਕਕਾਰੀ ਕਾਰੋਬਾਰ ਕਰਨ ਲਈ ਲਸੰਸ ਹੈ ਅਤੇ ਇਸ ਵਿੱਚ ਇੱਕ ਮਕਾਨ ਉਸਾਰੀ ਵਿੱਤ ਸੰਸਥਾ ਸ਼ਾਮਲ ਹੈ ਜਿਸਨੇ ਰਾਸ਼ਟਰੀ ਮਕਾਨ ਉਸਾਰੀ ਬੈਂਕ ਐਕਟ, 1987 ਦੇ ਅਧੀਨ ਰਜਿਸਟਰੀਕਰਨ ਸਰਟੀਫਿਕੇਟ ਪ੍ਰਾਪਤ ਕੀਤਾ ਹੈ;

(ਗ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਸਥਾਨਕ ਸਰਕਾਰ ਵਿਭਾਗ;

(ਘ) "ਸਰਕਾਰੀ ਭੋਂ" ਦਾ ਮਤਲਬ ਹੈ ਪੰਜਾਬ ਸਰਕਾਰ ਜਾਂ ਇਸਦੇ ਅਦਾਰਿਆਂ ਦੀ ਭੋਂ ਮਲਕੀਅਤ ਜਾਂ ਅਰਜਤ ਕੀਤੀ ਗਈ ਕੋਈ ਭੋਂ ਅਤੇ ਇਸ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਮਲਕੀਅਤ ਵਾਲੀ ਭੋਂ ਵੀ ਸ਼ਾਮਲ ਹੈ;

(ਙ) "ਭੋਂਹੀਣ ਵਿਅਕਤੀ" ਦਾ ਮਤਲਬ ਹੈ ਪੰਜਾਬ ਰਾਜ ਵਿੱਚ ਰਹਿਣ ਵਾਲਾ ਉਹ ਵਿਅਕਤੀ, ਜੋ ਭਾਰਤ ਦਾ ਨਾਗਰਿਕ ਹੈ ਅਤੇ ਸ਼ਹਿਰੀ ਖੇਤਰ ਵਿੱਚ ਆਪਣੇ ਨਾਮ 'ਤੇ ਜਾਂ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਦੇ ਨਾਮ 'ਤੇ ਕੋਈ

ਘਰ ਜਾਂ ਭੋਂ, ਜਾਂ ਇਸ ਐਕਟ ਅਧੀਨ ਦਿੱਤੇ ਗਏ ਜਾਂ ਵਿਰਾਸਤ ਵਿੱਚ ਮਿਲੇ ਭੋਂ ਅਧਿਕਾਰਾਂ ਦਾ ਮਾਲਕ ਨਹੀਂ ਹੈ;

(ਚ) "ਮੈਂਬਰ" ਦਾ ਮਤਲਬ ਹੈ ਕਮੇਟੀ ਜਾਂ ਉਪ-ਕਮੇਟੀ ਦਾ ਮੈਂਬਰ, ਜਿਹੀ ਕਿ ਸੂਰਤ ਹੋਵੇ, ਅਤੇ ਇਸ ਵਿੱਚ ਚੇਅਰਪਰਸਨ ਸ਼ਾਮਲ ਹੈ;

(ਛ) "ਕਬਜਾ" ਦਾ ਅਰਥ ਹੈ ਰਿਹਾਇਸ਼ੀ ਪ੍ਰਯੋਜਨਾਂ ਲਈ ਝੁੱਗੀ-ਝੌਂਪੜੀ ਵਾਲਿਆਂ ਦੁਆਰਾ ਭੋਂ 'ਤੇ ਕਬਜਾ;

(ਜ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਝ) "ਮਾਲਕਾਨਾ ਅਧਿਕਾਰਾਂ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਝੁੱਗੀ-ਝੌਂਪੜੀ ਵਾਲਿਆਂ ਨੂੰ ਸੌਂਪੇ ਗਏ ਭੋਂ ਦੇ ਅਧਿਕਾਰ;

(ਞ) "ਲੋਕ ਹਿੱਤ" ਦਾ ਮਤਲਬ ਹੈ ਪ੍ਰਵਾਨਤ ਨਗਰ ਵਿਕਾਸ ਯੋਜਨਾ, ਜੇ ਕੋਈ ਹੋਵੇ, ਦੇ ਅਧੀਨ ਮਾਸਟਰ ਪਲਾਨ ਜਾਂ ਮੰਡਲੀ ਵਿਕਾਸ ਯੋਜਨਾ ਦੇ ਅਧੀਨ ਮੁਕੱਰਰ ਭੋਂ ਦੀ ਵਰਤੋਂ, ਜਾਂ ਜਨਤਾ ਨੂੰ ਵੱਡੇ ਪੱਧਰ 'ਤੇ ਮੁੱਢਲੀਆਂ ਸ਼ਹਿਰੀ ਸੇਵਾਵਾਂ ਦਾ ਉਪਬੰਧ ਜਾਂ ਵਾਤਾਵਰਣ ਪੱਖੋਂ ਖ਼ਤਰਨਾਕ ਜਾਂ ਵਾਤਾਵਰਣਕ ਪੱਖੋਂ ਨਾਜ਼ੁਕ ਸਥਾਨਾਂ ਜਾਂ ਵਿਰਾਸਤੀ ਸਥਾਨਾਂ ਵਿੱਚ ਮਨੁੱਖੀ ਨਿਵਾਸ ਦੀ ਮਨਾਹੀ;

(ਟ) "ਪੁਨਰਵਿਕਾਸ" ਦਾ ਮਤਲਬ ਹੈ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਬਣਾਈ ਗਈ ਮਕਾਨ ਉਸਾਰੀ ਯੋਜਨਾ ਦੇ ਅਨੁਸਰਣ ਵਿੱਚ ਮੁੱਢਲੀਆਂ ਨਾਗਰਿਕ ਸੇਵਾਵਾਂ ਪ੍ਰਦਾਨ ਕਰਕੇ ਅਤੇ ਰਿਹਾਇਸ਼ੀ ਸਥਿਤੀਆਂ ਵਿੱਚ ਸੁਧਾਰ ਸੌਖਾ ਬਣਾਉਂਦੇ ਹੋਏ ਮੌਜੂਦਾ ਝੁੱਗੀ-ਝੌਂਪੜੀ ਵਿੱਚ ਸੁਧਾਰ ਕਰਨਾ;

(ਠ) "ਮੁੜ ਵਸੇਬਾ" ਦਾ ਮਤਲਬ ਹੈ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਬਣਾਈ ਗਈ ਰਿਹਾਇਸ਼ੀ ਸਕੀਮ ਜਾਂ ਨੀਤੀ ਦੇ ਅਨੁਸਰਣ ਵਿੱਚ ਝੁੱਗੀ-ਝੌਂਪੜੀ ਵਾਲਿਆਂ ਨੂੰ ਕਿਸੇ ਹੋਰ ਥਾਂ 'ਤੇ ਮੁੜ ਵਸਾਉਣਾ;

(ਡ) "ਝੁੱਗੀ" ਜਾਂ "ਝੁੱਗੀ ਖੇਤਰ" ਦਾ ਮਤਲਬ ਹੈ ਘੱਟੋ-ਘੱਟ ਪੱਚੀ ਘਰਾਂ ਦੀ ਇੱਕ ਸੰਘਣੀ ਅਬਾਦੀ ਵਾਲੀ ਬਸਤੀ ਜੋ ਜ਼ਿਆਦਾਤਰ ਅਸਥਾਈ ਪ੍ਰਕਿਰਤੀ ਦੀਆਂ ਘਟੀਆ ਬਣੇ ਹੋਏ ਵਾਸ-ਘਰਾਂ ਦਾ ਸੰਗ੍ਰਹਿ ਹੈ, ਜਿਸ ਵਿੱਚ ਆਮ ਤੌਰ ਤੇ ਨਾਕਾਫ਼ੀ ਸਫਾਈ ਅਤੇ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਗੰਦੀਆਂ ਹਾਲਤਾਂ ਵਿੱਚ ਹੁੰਦੀ ਹੈ, ਜੋ ਕਿਸੇ ਸ਼ਹਿਰੀ ਖੇਤਰ ਵਿੱਚ ਸਰਕਾਰੀ ਭੋਂ ਤੇ ਹੋ ਸਕਦੇ ਹਨ;

(ਢ) "ਝੁੱਗੀ ਨਿਵਾਸੀ" ਦਾ ਮਤਲਬ ਹੈ ਝੁੱਗੀ ਵਾਲੇ ਖੇਤਰ ਦੀਆਂ ਸੀਮਾਵਾਂ ਦੇ ਅੰਦਰ ਕਿਸੇ ਵੀ ਭੋਂ-ਹੀਣ ਵਿਅਕਤੀ ਦਾ ਕਬਜ਼ਾ;

(ਣ) "ਮੱਲਣਯੋਗ ਨਿਵਾਸ" ਦਾ ਮਤਲਬ ਹੈ ਕਮੇਟੀ ਦੁਆਰਾ ਫੈਸਲਾ ਕੀਤੇ ਗਏ ਉਹ ਨਿਵਾਸ ਜਿੱਥੇ ਮਨੁੱਖੀ ਵਸੋਂ ਦੀ ਹੋਂਦ ਵਸਨੀਕਾਂ ਦੀ ਸੁਰੱਖਿਅਤਾ ਜਾਂ ਸਿਹਤ ਜਾਂ ਜੀਵਨ ਲਈ ਅਣਉਚਿਤ ਜੋਖਮ ਪੈਦਾ ਨਹੀਂ ਕਰਦੀ ਜਾਂ ਅਜਿਹੀਆਂ ਥਾਵਾਂ ਜਾਂ ਨਿਵਾਸ, ਜੋ ਲੋਕ ਹਿੱਤ ਦੇ ਪ੍ਰਤੀਕੂਲ ਮੰਨੀਆਂ ਜਾਂਦੀਆਂ ਜਾਂ ਜਿੱਥੇ ਭੋਂ ਕਿਸੇ ਲੋਕ ਜਾਂ ਵਿਕਾਸ ਪ੍ਰਯੋਜਨ ਲਈ ਲੋੜੀਂਦੀ ਨਹੀਂ ਹੈ;

(ਤ) "ਨਾ ਮੱਲਣਯੋਗ ਨਿਵਾਸ" ਦਾ ਮਤਲਬ ਹੈ ਅਜਿਹੇ ਖੇਤਰ ਜਿੱਥੇ ਮਨੁੱਖੀ ਵਸੋਂ ਵਸਨੀਕਾਂ ਦੀ ਹੀ ਸੁਰੱਖਿਅਤਾ ਜਾਂ ਸਿਹਤ ਜਾਂ ਜੀਵਨ ਲਈ ਅਣਉਚਿਤ ਜੋਖਮ ਪੈਦਾ ਕਰਦੀ ਹੋਵੇ ਜਾਂ ਜਿੱਥੇ ਕਮੇਟੀ ਦੁਆਰਾ ਅਜਿਹੇ ਖੇਤਰਾਂ ਵਿੱਚ ਨਿਵਾਸ ਨੂੰ ਲੋਕ ਹਿੱਤ ਵਿੱਚ ਨਹੀਂ ਮੰਨਿਆ ਜਾਂਦਾ ਹੈ;

(ਥ) "ਸ਼ਹਿਰੀ ਖੇਤਰ" ਦਾ ਮਤਲਬ ਹੈ ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਸੀਮਾਵਾਂ ਦੇ ਅੰਦਰ ਸਮਾਵਿਸ਼ਟ ਖੇਤਰ; ਅਤੇ

(ਦ) "ਸ਼ਹਿਰੀ ਸਥਾਨਕ ਬੌਡੀਆਂ" ਦਾ ਮਤਲਬ ਹੈ ਪੰਜਾਬ ਨਗਰਪਾਲਕ ਐਕਟ, 1911 ਅਤੇ ਪੰਜਾਬ ਨਗਰਪਾਲਕ ਨਿਗਮ ਐਕਟ, 1976 ਅਧੀਨ ਸਥਾਪਤ ਨਗਰਪਾਲਕ ਸੰਸਥਾਵਾਂ।

(2) ਇੱਥੇ ਵਰਤੇ ਗਏ ਸ਼ਬਦ ਅਤੇ ਪਦ ਪਰ ਪਰਿਭਾਸ਼ਿਤ ਨਹੀਂ ਕੀਤੇ ਗਏ ਹਨ, ਦੇ ਉਹੀ ਅਰਥ ਹੋਣਗੇ ਜੋ ਉਹਨਾਂ ਨੂੰ ਪੰਜਾਬ ਨਗਰਪਾਲਕ ਐਕਟ, 1911 ਅਤੇ ਪੰਜਾਬ ਨਗਰਪਾਲਕ ਨਿਗਮ ਐਕਟ, 1976 ਦੇ ਅਧੀਨ ਦਿੱਤੇ ਗਏ ਹਨ।

## ਅਧਿਆਇ II

## ਮਾਲਕਾਨਾ ਅਧਿਕਾਰ

ਮਾਲਕਾਨਾ ਅਧਿਕਾਰ। 3. (1) ਤੱਤ ਸਮੇਂ ਨਾਫ਼ਜ਼ ਪੰਜਾਬ ਰਾਜ ਦੇ ਕਿਸੇ ਵੀ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਤੇ ਉਪ-ਧਾਰਾ (2) ਦੇ ਉਪਬੰਧਾਂ ਦੇ ਤਾਬੇ, ਹਰੇਕ ਝੁੱਗੀ-ਨਿਵਾਸੀ ਅਜਿਹੀ ਤਰੀਕ ਨੂੰ ਸ਼ਹਿਰੀ ਖੇਤਰ ਦੀ ਝੁੱਗੀ ਵਿੱਚ ਭੋਂ ਤੇ ਕਾਬਜ਼ ਹੈ, ਜਿਵੇਂ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇ, ਉਸ ਦੁਆਰਾ ਕਾਬਜ਼ ਭੋਂ ਲਈ, ਜਾਂ ਅਜਿਹੀ ਹੋਰ ਭੋਂ ਤੇ, ਜਿਵੇਂ ਸਰਕਾਰ ਅਧਿਸੂਚਿਤ ਕਰੇ, ਬੰਦੋਬਸਤ ਦਾ ਹੱਕਦਾਰ ਹੋਵੇਗਾ ਅਤੇ ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਭੋਂ ਦੇ ਮਾਲਕਾਨਾ ਅਧਿਕਾਰਾਂ ਦਾ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ:

ਪਰੰਤੂ ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨਗਰਪਾਲਕ ਸੰਪੱਤੀਆਂ ਦਾ ਇੰਤਕਾਲ ਕਰਨ ਦੀਆਂ ਖ਼ਾਹਸ਼ਮੰਦ ਨਗਰਪਾਲਕਾਵਾਂ, ਇਸ ਭਾਵ ਦਾ ਸਧਾਰਨ ਬਹੁਮਤ ਨਾਲ ਇੱਕ ਮਤਾ ਪਾਸ ਕਰਨਗੀਆਂ:

ਪਰੰਤੂ ਇਹ ਹੋਰ ਕਿ, ਜੇ ਕਿਸੇ ਝੁੱਗੀ-ਨਿਵਾਸੀ ਦੁਆਰਾ ਕਬਜ਼ੇ ਵਾਲੀ ਭੋਂ ਕਿਸੇ ਪ੍ਰਵਿਧਾਨਕ ਬੋਰਡ ਜਾਂ ਨਿਗਮ ਜਾਂ ਪੰਜਾਬ ਸਰਕਾਰ ਦੇ ਕਿਸੇ ਵਿਭਾਗ ਦੀ ਮਲਕੀਅਤ ਹੈ, ਤਾਂ ਇਸ ਐਕਟ ਅਧੀਨ ਭੋਂ ਦੇ ਨਿਪਟਾਰੇ ਤੋਂ ਪਹਿਲਾਂ ਅਜਿਹੇ ਬੋਰਡ ਜਾਂ ਨਿਗਮ ਜਾਂ ਵਿਭਾਗ ਦੀ ਸਹਿਮਤੀ ਪ੍ਰਾਪਤ ਕੀਤੀ ਜਾਵੇਗੀ।

(2) ਅਜਿਹੀ ਭੋਂ 'ਤੇ ਮਾਲਕਾਨਾ ਅਧਿਕਾਰਾਂ ਦਾ ਨਿਪਟਾਰਾ ਝੁੱਗੀ-ਨਿਵਾਸੀ ਦੇ ਪੱਖ ਵਿੱਚ ਉਸ ਹੱਦ ਤੱਕ ਕੀਤਾ ਜਾਵੇਗਾ ਜੋ ਇਸ ਤੋਂ ਬਾਅਦ ਉਲਿੱਖਤ ਕੀਤੀ ਗਈ ਹੈ, ਅਰਥਾਤ:-

(ੳ) ਝੁੱਗੀ-ਨਿਵਾਸੀ ਜਿੱਥੋਂ ਤੱਕ ਹੋ ਸਕੇ ਭੋਂ ਦਾ ਹੱਕਦਾਰ ਹੋਵੇਗਾ,–

(i) ਜਿੱਥੇ ਝੁੱਗੀ ਨਗਰਪਾਲਕ ਨਿਗਮ ਖੇਤਰ ਦੇ ਤੀਹ ਵਰਗ ਮੀਟਰ ਤੋਂ ਨ ਵੱਧ ਦੇ ਅੰਦਰ ਸਥਿਤ ਹੈ;

(ii) ਜਿੱਥੇ ਝੁੱਗੀ ਨਗਰਪਾਲਕ ਪਰਿਸ਼ਦ ਖੇਤਰ ਦੇ ਪੰਤਾਲੀ ਵਰਗ ਮੀਟਰ ਤੋਂ ਨ ਵੱਧਦੇ ਅੰਦਰ ਸਥਿਤ ਹੈ; ਅਤੇ

(iii) ਜਿੱਥੇ ਝੁੱਗੀ ਅਧਿਸੂਚਤ ਖੇਤਰ ਕਮੇਟੀ ਖੇਤਰ ਦੇ ਸੱਠ ਵਰਗ ਮੀਟਰ ਤੋਂ ਨ ਵੱਧ ਦੇ ਅੰਦਰ ਸਥਿਤ ਹੈ:

ਪਰੰਤੂ ਜਿੱਥੇ ਝੁੱਗੀ-ਨਿਵਾਸੀ ਨੂੰ ਆਪਣੀ ਅਸਲੀ ਥਾਂ ਤੇ ਵਿਵਸਥਾ ਨਹੀਂ ਮਿਲ ਰਹੀ ਹੈ, ਤਾਂ ਅਜਿਹੀ ਸਥਿਤੀ ਵਿੱਚ ਇੱਕ ਸਥਾਪਨ ਸਥਾਨ ਵਿੱਚ ਭੋਂ ਦੀ ਵੱਧ ਤੋਂ ਵੱਧ ਸੀਮਾ ਤੀਹ ਵਰਗ ਮੀਟਰ ਤੋਂ ਵੱਧ ਨਹੀਂ ਹੋਵੇਗੀ:

ਪਰੰਤੂ ਇਹ ਹੋਰ ਕਿ ਜਿੱਥੇ ਝੁੱਗੀ-ਨਿਵਾਸੀ ਉਪ-ਖੰਡ (i) ਤੋਂ (iii) ਵਿੱਚ ਜ਼ਿਕਰ ਕੀਤੇ ਗਏ ਕਿਸੇ ਵੀ ਖੇਤਰ ਵਿੱਚ ਉਸ ਵਿੱਚ ਜ਼ਿਕਰ ਕੀਤੇ ਗਏ ਵੱਧ ਤੋਂ ਵੱਧ ਖੇਤਰ ਤੋਂ ਘੱਟ ਭੋਂ ਦੇ ਕਬਜ਼ੇ ਵਿੱਚ ਹੈ ਤਾਂ ਅਜਿਹੇ ਝੁੱਗੀ ਨਿਵਾਸੀਆਂ ਦੇ ਅਸਲ ਕਬਜ਼ੇ ਵਾਲੀ ਭੋਂ ਦਾ ਨਿਪਟਾਰਾ ਉਸੇ ਅਨੁਸਾਰ ਕੀਤਾ ਜਾਵੇਗਾ;

(ਅ) ਜਿੱਥੇ ਝੁੱਗੀ-ਨਿਵਾਸੀ ਆਰਥਿਕ ਤੌਰ ਤੇ ਕਮਜ਼ੋਰ ਵਰਗ (ਈ.ਡਬਲਿਯੂ.ਐੱਸ) ਸ਼੍ਰੇਣੀ ਨਾਲ ਸਬੰਧਤ ਹੈ, ਤਾਂ ਭੋਂ ਦੇ ਮਾਲਕਾਨਾ ਅਧਿਕਾਰਾਂ ਦਾ ਨਿਪਟਾਰਾ ਮੁਫ਼ਤ ਕੀਤਾ ਜਾਵੇਗਾ;

(ੲ) ਜਿੱਥੇ ਝੁੱਗੀ-ਨਿਵਾਸੀ ਆਰਥਿਕ ਤੌਰ ਤੇ ਕਮਜੋਰ ਵਰਗ (ਈ.ਡਬਲਿਯੂ.ਐੱਸ) ਤੋਂ ਇਲਾਵਾ ਕਿਸੇ ਹੋਰ ਸ਼੍ਰੇਣੀ ਨਾਲ ਸਬੰਧਤ ਹੈ, ਤਾਂ ਉੱਥੇ ਭੋਂ ਦਾ ਨਿਪਟਾਰਾ ਅਜਿਹੀਆਂ ਦਰਾਂ ਤੇ ਕੀਤਾ ਜਾਵੇਗਾ ਜਿਵੇਂ ਸਰਕਾਰ ਦੁਆਰਾ ਸਮੇਂ-ਸਮੇਂ ਤੇ ਨਿਰਧਾਰਤ ਕੀਤਾ ਜਾਵੇ; ਅਤੇ

(ਸ) ਜਿੱਥੇ ਕੋਈ ਝੁੱਗੀ-ਨਿਵਾਸੀ ਖੰਡ (ੳ) ਦੇ ਅਧੀਨ ਉਪਬੰਧਤ ਕੀਤੀ ਗਈ ਵੱਧ ਤੋਂ ਵੱਧ ਇਜਾਜ਼ਤੀ ਰਕਬੇ ਤੋਂ ਵੱਧ ਭੋਂ ਤੇ ਕਾਬਜ਼ ਹੈ, ਬਿਨਾਂ ਲਿਹਾਜ਼

ਇਸ ਗੱਲ ਦੇ ਕਿ ਕਿਸੇ ਵੀ ਸ਼੍ਰੇਣੀ ਨਾਲ ਸਬੰਧਤ ਹੋਵੇ, ਤਾਂ ਅਜਿਹੀ ਵਾਧੂ ਭੋਂ ਦਾ ਨਿਪਟਾਰਾ ਸਰਕਾਰ ਦੁਆਰਾ ਸਮੇਂ-ਸਮੇਂ ਤੇ ਨਿਰਧਾਰਤ ਅਜਿਹੀਆਂ ਦਰਾਂ ਤੇ ਕਬਜ਼ਾਕਾਰ ਦੇ ਹੱਕ ਵਿੱਚ ਕੀਤਾ ਜਾਵੇਗਾ ਅਤੇ ਜੇ ਅਧਿਕਾਰਤ ਅਧਿਕਾਰੀ ਦੁਆਰਾ ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ ਅਜਿਹਾ ਨਹੀਂ ਕੀਤਾ ਜਾਂਦਾ ਹੈ, ਤਾਂ ਝੁੱਗੀ-ਨਿਵਾਸੀ ਸਵੈ-ਇੱਛਾ ਨਾਲ ਅਜਿਹੀ ਵਾਧੂ ਭੋਂ ਖ਼ਾਲੀ ਕਰ ਦੇਵੇਗਾ ਅਤੇ ਅਧਿਕਾਰਤ ਅਧਿਕਾਰੀ ਭੋਂ ਦੇ ਮਾਲਕਾਨਾ ਅਧਿਕਾਰਾਂ ਦਾ ਸਰਟੀਫਿਕੇਟ ਜਾਰੀ ਹੋਣ ਤੋਂ ਪਹਿਲਾਂ ਅਜਿਹੀ ਵਾਧੂ ਭੋਂ ਆਪਣੇ ਕਬਜ਼ੇ ਵਿੱਚ ਲੈ ਲਵੇਗਾ।

(3) ਉਪ-ਧਾਰਾ (1) ਅਧੀਨ ਇਸ ਤਰ੍ਹਾਂ ਨਿਪਟਾਰਾ ਕੀਤੀ ਭੋਂ ਦੇ ਮਾਲਕਾਨਾ ਅਧਿਕਾਰ, ਵਿਰਾਸਤ ਵਿੱਚ ਮਿਲਣਯੋਗ ਹੋਣਗੇ ਪਰ ਭੋਂ ਦੇ ਮਾਲਕਾਨਾ ਅਧਿਕਾਰਾਂ ਦਾ ਸਰਟੀਫਿਕੇਟ ਜਾਰੀ ਹੋਣ ਦੀ ਤਰੀਕ ਤੋਂ ਤੀਹ ਸਾਲਾਂ ਤੱਕ ਉਪ-ਪੱਟਾ, ਵਿਕਰੀ, ਤੋਹਫ਼ੇ, ਜਾਂ ਕਿਸੇ ਹੋਰ ਤਰੀਕੇ ਨਾਲ ਇੰਤਕਾਲਯੋਗ ਨਹੀਂ ਹੋਣਗੇ:

ਪਰੰਤੂ ਇਸ ਤਰ੍ਹਾਂ ਨਿਪਟਾਰਾ ਕੀਤੀ ਗਈ ਭੋਂ ਨੂੰ ਕਿਸੇ ਵੀ ਵਿੱਤੀ ਸੰਸਥਾ ਤੋਂ ਮਕਾਨ ਉਸਾਰੀ ਕਰਜ਼ੇ ਦੇ ਰੂਪ ਵਿੱਚ ਵਿੱਤ ਇਕੱਠਾ ਕਰਨ ਦੇ ਪ੍ਰਯੋਜਨ ਲਈ ਰਹਿਨ ਕੀਤੀ ਜਾ ਸਕੇਗੀ।

(4) ਭੋਂ ਦੇ ਮਾਲਕਾਨਾ ਅਧਿਕਾਰਾਂ ਦਾ ਸਰਟੀਫਿਕੇਟ ਵਿਆਹੇ ਵਿਅਕਤੀਆਂ ਦੇ ਮਾਮਲੇ ਵਿੱਚ ਦੋਵੇਂ ਪਤੀ-ਪਤਨੀ ਦੇ ਨਾਮ ਤੇ ਸਾਂਝੇ ਤੌਰ 'ਤੇ ਜਾਰੀ ਕੀਤਾ ਜਾਵੇਗਾ ਅਤੇ ਇੱਕ ਵਿਅਕਤੀ ਦੀ ਅਗਵਾਈ ਵਾਲੇ ਪਰਿਵਾਰ ਦੇ ਮਾਮਲੇ ਵਿੱਚ ਇਕੱਲੇ ਮੁੱਖੀ ਦੇ ਨਾਮ 'ਤੇ ਜਾਰੀ ਕੀਤਾ ਜਾਵੇਗਾ।

(5) ਜੇ ਕੋਈ ਝੁੱਗੀ-ਨਿਵਾਸੀ, ਜਿਸ ਨਾਲ ਭੋਂ ਦੇ ਮਾਲਕਾਨਾ ਅਧਿਕਾਰਾਂ ਦਾ ਨਿਪਟਾਰਾ ਕੀਤਾ ਗਿਆ ਹੈ ਜਾਂ ਇਸ ਐਕਟ ਅਧੀਨ ਜਿਸ ਨੂੰ ਭੋਂ ਦੀ ਅਲਾਟਮੈਂਟ ਦਾ ਅਧਿਕਾਰ ਪ੍ਰਾਪਤ ਹੋਇਆ ਹੈ, ਅਜਿਹੀ ਭੋਂ ਦਾ ਇੰਤਕਾਲ, ਉਪ-ਧਾਰਾ (3) ਅਧੀਨ ਰਹਿਨ ਦੇ ਤਰੀਕੇ ਤੋਂ ਇਲਾਵਾ ਕਰਦਾ ਹੈ ਜਾਂ ਜਿੱਥੇ ਉਕਤ ਭੋਂ ਰਿਹਾਇਸ਼ੀ ਪ੍ਰਯੋਜਨਾਂ ਲਈ ਨਹੀਂ ਵਰਤੀ ਜਾਂਦੀ ਹੈ, ਤਾਂ ਹੇਠ-ਲਿਖੇ ਨਤੀਜੇ ਸਾਹਮਣੇ ਆਉਣਗੇ, ਅਰਥਾਤ:-

(ੳ) ਉਪ-ਧਾਰਾ (1) ਅਧੀਨ ਜਾਰੀ ਕੀਤਾ ਗਿਆ ਭੋਂ ਦੇ ਮਾਲਕਾਨਾ ਅਧਿਕਾਰਾਂ ਦਾ ਸਰਟੀਫਿਕੇਟ, ਆਪਣੇ ਆਪ ਮਨਸੂਖ ਹੋ ਜਾਵੇਗਾ;

(ਅ) ਅਜਿਹਾ ਇੰਤਕਾਲ ਮਨਸੂਖ ਅਤੇ ਸੁੰਨ ਹੋਵੇਗਾ;

(ੲ) ਅਜਿਹੀ ਭੋਂ ਦੇ ਸੰਬੰਧ ਵਿੱਚ ਇੰਤਕਾਲ-ਪਾਤਰ ਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ ਹੋਣਗੇ;

(ਸ) ਅਧਿਕਾਰਤ ਅਧਿਕਾਰੀ ਉਸ ਵਿਅਕਤੀ ਨੂੰ ਬੇਦਖਲ ਕਰ ਦੇਵੇਗਾ ਜਿਸਦੇ ਅਜਿਹੀ ਭੋਂ ਅਸਲ ਕਬਜ਼ੇ ਵਿੱਚ ਹੈ;

(ਹ) ਅਜਿਹੇ ਝੁੱਗੀ-ਨਿਵਾਸੀ ਨੂੰ ਭਵਿੱਖ ਵਿੱਚ ਇਸ ਐਕਟ ਅਧੀਨ ਕੋਈ ਵੀ ਭੋਂ ਪ੍ਰਾਪਤ ਕਰਨ ਤੋਂ ਵਰਜਤ ਕਰ ਦਿੱਤਾ ਜਾਵੇਗਾ; ਅਤੇ

(ਕ) ਅਜਿਹਾ ਝੁੱਗੀ-ਨਿਵਾਸੀ ਇਸ ਐਕਟ ਅਧੀਨ ਅਪਰਾਧ ਦਾ ਦੋਸ਼ੀ ਹੋਵੇਗਾ।

(6) ਝੁੱਗੀ-ਨਿਵਾਸੀ, ਜਿਸ ਨਾਲ ਇਸ ਐਕਟ ਅਧੀਨ ਭੋਂ ਦੇ ਮਾਲਕਾਨਾ ਅਧਿਕਾਰਾਂ ਦਾ ਨਿਪਟਾਰਾ ਕੀਤਾ ਗਿਆ ਹੈ, ਉਹ ਪੰਜਾਬ ਰਾਜ ਦੇ ਕਿਸੇ ਹੋਰ ਸ਼ਹਿਰੀ ਖੇਤਰ ਵਿੱਚ ਭੋਂ ਦੇ ਮਾਲਕਾਨਾ ਅਧਿਕਾਰਾਂ ਦਾ ਕੋਈ ਸਰਟੀਫਿਕੇਟ ਧਾਰਨ ਨਹੀਂ ਕਰੇਗਾ ਅਤੇ ਜੇ ਉਹ ਅਜਿਹਾ ਕੋਈ ਸਰਟੀਫਿਕੇਟ ਧਾਰਨ ਕਰਦਾ ਹੈ, ਉਹ ਅਜਿਹੇ ਸਾਰੇ ਸਰਟੀਫਿਕੇਟ ਅਧਿਕਾਰਤ ਅਧਿਕਾਰੀ ਨੂੰ ਅਜਿਹੇ ਤਰੀਕੇ ਨਾਲ ਸਪੁਰਦ ਕਰੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(7) ਜੇ ਕਿਸੇ ਝੁੱਗੀ-ਨਿਵਾਸੀ ਵੱਲੋਂ ਤੱਥਾਂ ਦੀ ਗਲਤ ਪੇਸ਼ਕਾਰੀ ਕਰਕੇ ਭੋਂ ਦੇ ਮਾਲਕਾਨਾ ਅਧਿਕਾਰਾਂ ਦੇ ਇੱਕ ਤੋਂ ਵੱਧ ਸਰਟੀਫਿਕੇਟ ਪ੍ਰਾਪਤ ਕੀਤੇ ਪਾਏ ਜਾਂਦੇ ਹਨ, ਤਾਂ ਅਧਿਕਾਰਤ ਅਧਿਕਾਰੀ ਅਜਿਹੇ ਝੁੱਗੀ-ਨਿਵਾਸੀ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਬਾਅਦ, ਭੋਂ ਦੇ ਮਾਲਕਾਨਾ ਅਧਿਕਾਰਾਂ ਦੇ ਸਾਰੇ ਸਰਟੀਫਿਕੇਟ ਮਨਸੂਖ ਕਰ ਦੇਵੇਗਾ ਅਤੇ ਇਸ ਐਕਟ ਅਧੀਨ ਲਗਾਏ ਜਾ ਸਕਣ ਵਾਲੇ ਡੰਨ ਦਾ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਉਸਨੂੰ ਅਜਿਹੀ ਭੋਂ ਤੋਂ ਬੇਦਖਲ ਕਰ ਦੇਵੇਗਾ।

(8) ਝੁੱਗੀ-ਨਿਵਾਸੀ ਦੇ ਹੱਕ ਵਿੱਚ ਉਪ-ਧਾਰਾ (1) ਅਧੀਨ ਭੋਂ ਦੇ ਮਾਲਕਾਨਾ ਅਧਿਕਾਰਾਂ ਦੇ ਸਰਟੀਫਿਕੇਟ ਦੇਣ ਲਈ ਹੇਠ-ਲਿਖੇ ਸਬੂਤ ਸ਼ਾਮਲ ਹੋਣਗੇ,–

(ੳ) ਸਰਕਾਰ ਦੁਆਰਾ ਅਧਿਕਾਰਤ ਦਸਤਾਵੇਜ਼ ਜਿਵੇਂ ਕਿ ਆਧਾਰ ਕਾਰਡ, ਵੋਟਰ ਪਛਾਣ ਪੱਤਰ, ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਅਧੀਨ ਰਾਸ਼ਨ ਕਾਰਡ, ਸਰਬੱਤ ਸਿਹਤ ਬੀਮਾ ਯੋਜਨਾ (ਐਸ.ਐਸ.ਬੀ.ਵਾਈ) ਅਧੀਨ ਸਮਾਰਟ ਕਾਰਡ ਜਾਂ ਪਾਸਪੋਰਟ; ਜਾਂ

(ਅ) ਸਰਕਾਰੀ ਰਿਕਾਰਡ ਜਿਵੇਂ ਕਿ ਜਨਗਣਨਾ, ਸਰਵੇਖਣ, ਨਕਸ਼ੇ, ਉਪ-ਗ੍ਰਹਿ ਚਿੱਤਰਮਈ ਦ੍ਰਿਸ਼ਟਾਂਤ, ਯੋਜਨਾਵਾਂ, ਰਿਪੋਰਟਾਂ, ਕਮੇਟੀਆਂ ਅਤੇ ਕਮਿਸ਼ਨਾਂ ਦੀਆਂ ਰਿਪੋਰਟਾਂ, ਸਰਕਾਰੀ ਹੁਕਮ, ਅਧਿਸੂਚਨਾਵਾਂ, ਗਸ਼ਤੀ ਪੱਤਰ ਜਾਂ ਮਤੇ।

(9) ਉਪ-ਧਾਰਾ (1) ਅਧੀਨ ਦਿੱਤਾ ਗਿਆ ਭੋਂ ਦੇ ਮਾਲਕਾਨਾ ਅਧਿਕਾਰਾਂ ਦਾ ਸਰਟੀਫ਼ਿਕੇਟ ਰਿਹਾਇਸ਼ ਦੇ ਪਤੇ ਦੇ ਸਬੂਤ ਵਜੋਂ ਸਵੀਕਾਰਯੋਗ ਹੋਵੇਗਾ।

4. (1) ਇਸ ਐਕਟ ਦੇ ਹੋਰ ਉਪਬੰਧਾਂ ਦੇ ਤਾਬੇ, ਧਾਰਾ 3 ਦੀ ਉਪ-ਧਾਰਾ (1) ਅਧੀਨ ਦਿੱਤੇ ਗਏ ਭੋਂ ਦੇ ਮਾਲਕਾਨਾ ਅਧਿਕਾਰ, ਜਿੱਥੋਂ ਤੱਕ ਅਮਲਯੋਗ ਹੋਵੇ, ਆਪਣੀ ਅਸਲੀ ਥਾਂ ਤੇ ਜਿਵੇਂ ਜਿਵੇਂ ਜਿੱਥੇ ਵੀ ਹੋਵੇ ਦੇ ਆਧਾਰ 'ਤੇ ਪ੍ਰਦਾਨ ਕੀਤੇ ਜਾਣਗੇ: ਝੁੱਗੀ ਦਾ ਪੁਨਰ ਵਿਕਾਸ।

ਪਰੰਤੂ ਜਿੱਥੇ ਸਰਕਾਰ ਇਹ ਫੈਸਲਾ ਕਰਦੀ ਹੈ ਕਿ ਉਸ ਥਾਂ 'ਤੇ ਨਾ ਮੱਲਣਯੋਗ ਨਿਵਾਸ ਹਨ, ਤਾਂ ਅਜਿਹੇ ਹਾਲਾਤਾਂ ਵਿੱਚ ਝੁੱਗੀ-ਨਿਵਾਸੀਆਂ ਦਾ ਪੁਨਰਵਾਸ ਕਿਤੇ ਹੋਰ ਕੀਤਾ ਜਾਵੇਗਾ:

ਪਰੰਤੂ ਇਹ ਹੋਰ ਕਿ:

(ੲ) ਜਿੱਥੇ, ਇਹ ਫੈਸਲਾ ਕੀਤਾ ਜਾਂਦਾ ਹੈ ਕਿ ਝੁੱਗੀ-ਨਿਵਾਸੀਆਂ ਦਾ ਕਿਤੇ ਹੋਰ ਪੁਨਰਵਾਸ ਕੀਤਾ ਜਾਵੇਗਾ, ਤਾਂ ਉਕਤ ਜਗ੍ਹਾ ਦੀ ਵਰਤੋਂ ਕਿਸੇ ਹੋਰ ਪ੍ਰਯੋਜਨ ਲਈ ਕੀਤੀ ਜਾਵੇਗੀ, ਜਿਵੇਂ ਸਰਕਾਰ ਫੈਸਲਾ ਕਰੇ; ਅਤੇ

(ਸ) ਜਿੱਥੇ, ਝੁੱਗੀ-ਨਿਵਾਸੀ ਨੂੰ ਮੌਜੂਦਾ ਝੁੱਗੀ ਵਿੱਚ ਜ਼ਮੀਨ ਪ੍ਰਦਾਨ ਕਰਨ ਤੋਂ ਪਿੱਛੋਂ, ਕੋਈ ਜ਼ਮੀਨ ਵੱਧ ਰਹਿ ਜਾਂਦੀ ਹੈ, ਤਾਂ ਸਰਕਾਰ ਅਜਿਹੀ ਜ਼ਮੀਨ ਨੂੰ ਕਿਸੇ ਵੀ ਪ੍ਰਯੋਜਨ ਲਈ ਵਰਤ ਸਕਦੀ ਹੈ, ਜਿਵੇਂ ਇਹ ਫੈਸਲਾ ਕਰੇ।

(2) ਆਪਣੀ ਅਸਲ ਥਾਂ ਤੇ ਪੁਨਰਵਿਕਾਸ ਦੀ ਸੂਰਤ ਵਿੱਚ, ਅਮਲਯੋਗ ਯੋਜਨਾਬੰਦੀ ਅਤੇ ਇਮਾਰਤੀ ਵਿਨਿਯਮ ਲਾਗੂ ਕੀਤੇ ਜਾਣਗੇ ਅਤੇ ਜਿੱਥੇ ਵੀ ਪੁਨਰਵਿਕਾਸ ਯੋਜਨਾ ਨੂੰ ਪਰਿਪਾਲਣ ਕਰਨ ਲਈ ਕੋਈ ਢਿੱਲ ਜ਼ਰੂਰੀ ਮਹਿਸੂਸ ਹੁੰਦੀ ਹੈ, ਤਾਂ ਉੱਥੇ ਇਹ ਸਮਝਿਆ ਜਾ ਸਕੇਗਾ ਕਿ ਇਹ ਢਿੱਲ ਵਿਨਿਯਮਾਂ ਅਧੀਨ ਇਜਾਜ਼ਤੀ ਭਟਕਾਅ ਅਧੀਨ ਦਿੱਤੀ ਗਈ ਹੈ।

(3) ਝੁੱਗੀ-ਖੇਤਰ ਦੇ ਪੁਨਰਵਿਕਾਸ ਦੀ ਮੁੱਦਤ ਦੌਰਾਨ, ਝੁੱਗੀ-ਨਿਵਾਸੀਆਂ ਨੂੰ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੀ ਗਈ ਮਕਾਨ ਉਸਾਰੀ ਯੋਜਨਾ ਦੇ ਅਧੀਨ ਲੋੜੀਂਦੀ ਮੁਇਆਦ ਲਈ ਵਿੱਚ ਦੀ ਲੰਘਣ ਲਈ ਜਗ੍ਹਾ ਪ੍ਰਦਾਨ ਕੀਤੀ ਜਾਵੇਗੀ।

ਕਾਰਵਾਈਆਂ ਦਾ ਖ਼ਤਮ ਹੋ ਜਾਣਾ।

5. ਪੰਜਾਬ ਰਾਜ ਦੇ ਕਿਸੇ ਵੀ ਕਾਨੂੰਨ ਅਧੀਨ ਕਿਸੇ ਅਥਾਰਟੀ ਜਾਂ ਅਦਾਲਤ ਦੇ ਅੱਗੇ ਅਣਅਧਿਕਾਰਤ ਕਬਜ਼ੇ ਦੇ ਆਧਾਰ 'ਤੇ ਲੰਬਿਤ ਝੁੱਗੀ-ਨਿਵਾਸੀਆਂ ਨੂੰ ਬੇਦਖਲ ਕਰਨ ਸੰਬੰਧੀ ਸਾਰੀਆਂ ਕਾਰਵਾਈਆਂ ਇਸ ਐਕਟ ਅਧੀਨ ਭੋਂ ਦੇ ਮਾਲਕਾਨਾ ਅਧਿਕਾਰਾਂ ਦੇ ਸਰਟੀਫ਼ਿਕੇਟ ਦੇ ਜਾਰੀ ਹੋਣ 'ਤੇ ਖਤਮ ਹੋ ਜਾਣਗੀਆਂ।

## ਅਧਿਆਇ III

## ਮਾਲਕਾਨਾ ਅਧਿਕਾਰਾਂ ਦੇ ਨਿਪਟਾਰੇ ਲਈ ਜ਼ਾਬਤਾ

ਝੁੱਗੀ ਖੇਤਰ ਪੁਨਰ ਵਿਕਾਸ ਅਤੇ ਪੁਨਰਵਾਸ ਕਮੇਟੀ।

6. (1) ਇਸ ਐਕਟ ਦੇ ਪ੍ਰਯੋਜਨਾਂ ਲਈ, ਸਰਕਾਰ ਅਜਿਹੇ ਸ਼ਹਿਰੀ ਖੇਤਰ ਦੇ ਨਾਂ ਨਾਲ, ਜਿਵੇਂ ਇਹ ਜ਼ਰੂਰੀ ਸਮਝੇ, ਹਰੇਕ ਸ਼ਹਿਰੀ ਖੇਤਰ ਲਈ ਝੁੱਗੀ-ਖੇਤਰ ਪੁਨਰਵਿਕਾਸ ਅਤੇ ਪੁਨਰਵਾਸ ਕਮੇਟੀ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਕਮੇਟੀ ਦਾ ਗਠਨ ਕਰੇਗੀ ਅਤੇ ਅਜਿਹੀ ਕਮੇਟੀ ਨੂੰ ਉਨ੍ਹਾਂ ਵਿਅਕਤੀਆਂ ਦੀ ਸੂਚੀ ਨੂੰ ਪ੍ਰਵਾਨਗੀ ਦੇਣ ਦੀ ਅਥਾਰਟੀ ਹੋਵੇਗੀ, ਜਿਨ੍ਹਾਂ ਨੂੰ ਇਸ ਐਕਟ ਅਧੀਨ ਭੋਂ ਦੇ ਮਾਲਕਾਨਾ ਅਧਿਕਾਰ ਨਿਸ਼ਚਤ ਕੀਤੇ ਜਾਣੇ ਹਨ ਅਤੇ ਕਮੇਟੀ ਇਹਨਾਂ ਖੇਤਰਾਂ 'ਤੇ ਅਧਿਕਾਰਤਾ ਖੇਤਰ ਦੀ ਵਰਤੋਂ ਕਰੇਗੀ ਅਤੇ ਅਜਿਹੀਆਂ ਸ਼ਕਤੀਆਂ ਅਤੇ ਕਾਰਜਾਂ ਦੀ ਵਰਤੋਂ ਕਰੇਗੀ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਹਰੇਕ ਕਮੇਟੀ ਦੀ ਅਗਵਾਈ ਕੁਲੈਕਟਰ ਕਰੇਗਾ ਅਤੇ ਇਸ ਵਿੱਚ ਅਜਿਹੇ ਹੋਰ ਮੈਂਬਰ ਸਮਾਵਿਸ਼ਟ ਹੋਣਗੇ ਜੋ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਅਧਿਸੂਚਿਤ ਕੀਤੇ ਜਾਣ।

(3) ਉਪ-ਧਾਰਾ (1) ਅਧੀਨ ਸ਼ਕਤੀਆਂ ਅਤੇ ਕਾਰਜਾਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਕਮੇਟੀ ਹੇਠ-ਲਿਖੇ ਕਾਰਜ ਕਰੇਗੀ,–

(ੳ) ਜ਼ਰੂਰੀ ਸਰਵੇਖਣ, ਨਕਸ਼ਾ ਬਣਾਉਣਾ, ਝੁੱਗੀਆਂ ਦੀ ਭੌਤਿਕ ਸੀਮਾ ਨਿਰਧਾਰਤ ਕਰਨਾ, ਸਮੂਹਕ ਭਾਗੀਦਾਰੀ ਨਾਲ ਪਾਤਰ ਝੁੱਗੀ-ਨਿਵਾਸੀਆਂ ਦੀ ਪਛਾਣ ਕਰਨਾ, ਝੁੱਗੀ-ਨਿਵਾਸੀਆਂ ਦੀ ਸੂਚੀ ਅਜਿਹੇ ਤਰੀਕੇ ਨਾਲ ਜੋ ਮੁਕੱਰਰ ਕੀਤਾ ਜਾਵੇ, ਤਿਆਰ ਕਰਨਾ ਅਤੇ ਪ੍ਰਕਾਸ਼ਤ ਕਰਨਾ ਜਿਨ੍ਹਾਂ ਨੂੰ ਭੋਂ ਦੇ ਮਾਲਕਾਨਾ ਅਧਿਕਾਰਾਂ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ ਹੋਵੇ; ਅਤੇ

(ਅ) ਇਸ ਐਕਟ ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦਾ ਪਰਿਪਾਲਣ ਸੌਖਾ ਬਣਾਉਣ ਦੇ ਪ੍ਰਯੋਜਨਾਂ ਲਈ, ਹਰੇਕ ਝੁੱਗੀ ਵਾਲੇ ਖੇਤਰ, ਝੁੱਗੀਆਂ ਦੇ ਸਮੂਹ ਲਈ ਇੱਕ ਅਜਿਹੀ ਉਪ-ਕਮੇਟੀ ਦਾ ਗਠਨ ਕਰਨਾ, ਜਿਸ ਵਿੱਚ ਅਜਿਹੇ ਮੈਂਬਰਾਂ ਦੀ ਗਿਣਤੀ ਸਮਾਵਿਸ਼ਟ ਹੋਵੇ, ਜੋ ਕਮੇਟੀ ਦੁਆਰਾ ਉਲਿੱਖਤ ਕੀਤਾ ਜਾਵੇ।

(4) ਕਮੇਟੀ ਦੇ ਕੁਸ਼ਲ ਕੰਮਕਾਜ ਦੇ ਪ੍ਰਯੋਜਨ ਲਈ, ਸਰਕਾਰ ਅਜਿਹੇ ਅਧਿਕਾਰੀ ਅਤੇ ਕਰਮਚਾਰੀ ਪ੍ਰਦਾਨ ਕਰੇਗੀ, ਜਿਵੇਂ ਸਮੇਂ ਸਮੇਂ 'ਤੇ ਅਧਿਸੂਚਿਤ ਕੀਤਾ ਜਾਵੇ।

7. ਕਮੇਟੀ ਦੇ ਕੰਮਕਾਜ ਦੇ ਸੰਚਾਲਨ ਦਾ ਜ਼ਾਬਤਾ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ। ਕਮੇਟੀ ਦੇ ਕੰਮਕਾਜ ਦਾ ਸੰਚਾਲਨ।

8. (1) ਬਣਾਏ ਜਾਣ ਵਾਲੇ ਅਜਿਹੇ ਨਿਯਮਾਂ ਦੇ ਤਾਬੇ, ਇਸ ਐਕਟ ਅਧੀਨ ਕੀਤੇ ਗਏ ਕਿਸੇ ਫੈਸਲੇ ਜਾਂ ਹੁਕਮ ਵਿਰੁੱਧ ਅਪੀਲ ਅਜਿਹੇ ਅਫ਼ਸਰ ਕੋਲ ਕੀਤੀ ਜਾਵੇਗੀ, ਜਿਵੇਂ ਸਰਕਾਰ ਦੁਆਰਾ ਨਿਯੁਕਤ ਕੀਤਾ ਜਾਵੇ। ਅਪੀਲ।

(2) ਇਸ ਧਾਰਾ ਅਧੀਨ ਦਾਇਰ ਕੀਤੀ ਗਈ ਹਰੇਕ ਅਪੀਲ, ਅਜਿਹੇ ਤਰੀਕੇ ਨਾਲ ਸੁਣੀ ਅਤੇ ਨਿਪਟਾਈ ਜਾਵੇਗੀ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਇਸ ਧਾਰਾ ਅਧੀਨ ਅਪੀਲੀ ਅਥਾਰਟੀ ਦੁਆਰਾ ਪਾਸ ਕੀਤਾ ਗਿਆ ਹਰੇਕ ਹੁਕਮ ਅੰਤਮ ਹੋਵੇਗਾ।

(4) ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਰਕਾਰ ਕਮੇਟੀ ਜਾਂ ਅਪੀਲੀ ਅਥਾਰਟੀ ਦੁਆਰਾ ਪਾਸ ਕੀਤੇ ਗਏ ਕਿਸੇ ਵੀ ਹੁਕਮ ਦੀ ਨਜ਼ਰਸਾਨੀ ਕਰਨ ਲਈ ਸ਼ਕਤਵਾਨ ਹੋਵੇਗੀ।

## ਅਧਿਆਇ IV

## ਅਪਰਾਧ ਅਤੇ ਡੰਨ

9. ਜੋ ਕੋਈ ਵੀ ਧਾਰਾ 3 ਦੀ ਉਪ-ਧਾਰਾ (5) ਅਤੇ (6) ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ ਜਾਂ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਜਾਰੀ ਕੀਤੇ ਗਏ ਕਿਸੇ ਨੋਟਿਸ ਜਾਂ ਹੁਕਮ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਉਸਨੂੰ ਇੱਕ ਅਉਧ ਲਈ ਕਿਸੇ ਵੀ ਕਿਸਮ ਐਕਟ ਦੀ ਉਲੰਘਣਾ ਕਰਨ ਲਈ ਡੰਨ।

ਦੀ ਕੈਦ ਜੋ ਇੱਕ ਸਾਲ ਤੱਕ ਹੋ ਸਕੇਗੀ ਜਾਂ ਜੁਰਮਾਨੇ ਦਾ, ਜੋ ਪੰਜਾਹ ਹਜ਼ਾਰ ਰੁਪਏ ਤੱਕ ਹੋ ਸਕੇਗਾ, ਜਾਂ ਦੋਹਾਂ ਦਾ, ਦੰਡ ਦਿੱਤਾ ਜਾਵੇਗਾ।

ਨਗਰਪਾਲਕ ਖੇਤਰ ਵਿਕਾਸ ਫ਼ੰਡ ।

10. (1) ਹਰੇਕ ਸ਼ਹਿਰੀ ਸਥਾਨਕ ਬੌਡੀ ਦੇ ਪੱਧਰ 'ਤੇ ਨਗਰਪਾਲਕ ਖੇਤਰ ਵਿਕਾਸ ਫੰਡ ਨਾਮਕ ਇੱਕ ਫ਼ੰਡ ਗਠਤ ਕੀਤਾ ਜਾਵੇਗਾ ਜਿਸ ਵਿੱਚ ਇਸ ਐਕਟ ਅਧੀਨ ਝੁੱਗੀ-ਨਿਵਾਸੀਆਂ ਤੋਂ ਪ੍ਰਾਪਤ ਹੋਇਆ ਧਨ ਜਮ੍ਹਾਂ ਕੀਤਾ ਜਾਵੇਗਾ ਅਤੇ ਇਸ ਤੋਂ ਇਲਾਵਾ, ਹੇਠ-ਲਿਖੀਆਂ ਪ੍ਰਾਪਤ ਰਕਮਾਂ ਵੀ ਉਕਤ ਫ਼ੰਡ ਵਿੱਚ ਜਮ੍ਹਾਂ ਕੀਤੀਆਂ ਜਾਣਗੀਆਂ, ਅਰਥਾਤ:–

(ੳ) ਰਾਜ ਅਤੇ ਕੇਂਦਰੀ ਸਰਕਾਰਾਂ ਵੱਲੋਂ ਯੋਗਦਾਨ, ਜੇ ਕੋਈ ਹੋਣ;

(ਅ) ਸੰਗਠਨਾਂ, ਲੋਕ ਹਿਤੈਸ਼ੀ ਮਨੁੱਖਾਂ, ਵਿਅਕਤੀ ਵਿਸ਼ੇਸ਼ਾਂ ਅਤੇ ਗੈਰ-ਸਰਕਾਰੀ ਸੰਗਠਨਾਂ ਤੋਂ ਯੋਗਦਾਨ; ਅਤੇ

(ੲ) ਸਰਕਾਰ ਵਿੱਤੀ ਸਹਾਇਤਾ ਦੇ ਕੋਈ ਹੋਰ ਸਰੋਤ ਅਧਿਸੂਚਤ ਕਰ ਸਕਦੀ ਹੈ ਜਿਸ ਵਿੱਚ ਨਿਗਮ ਸਮਾਜਿਕ ਜਿੰਮੇਵਾਰੀ (ਸੀ.ਐੱਸ.ਆਰ) ਵਿੱਤੀ ਸਹਾਇਤਾ ਸ਼ਾਮਲ ਹੈ।

(2) ਫ਼ੰਡ ਦਾ ਗਠਨ ਅਤੇ ਪ੍ਰਸ਼ਾਸਨ ਅਜਿਹੇ ਤਰੀਕੇ ਨਾਲ ਹੋਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਨੇਕਨੀਤੀ ਨਾਲ ਕੀਤੀ ਗਈ ਕਾਰਵਾਈ ਦੀ ਹਿਫ਼ਾਜ਼ਤ ।

11. ਸਰਕਾਰ ਜਾਂ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਹੋਰ ਕਰਮਚਾਰੀ ਜਾਂ ਇਸ ਐਕਟ ਅਧੀਨ ਗਠਤ ਕਮੇਟੀ ਜਾਂ ਕਿਸੇ ਉਪ-ਕਮੇਟੀ ਵਿਰੁੱਧ ਕੋਈ ਦਾਵਾ, ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ, ਜੋ ਕਿ ਇਸ ਐਕਟ ਅਧੀਨ ਨੇਕ ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਹੈ।

ਨੋਡਲ ਏਜੰਸੀ ।

12. ਸਰਕਾਰ ਜਾਂ ਇਸ ਦੁਆਰਾ ਨਮਿੱਤ ਕੋਈ ਅਧਿਕਾਰੀ ਇਸ ਐਕਟ ਦੇ ਉਪਬੰਧਾਂ ਦਾ ਪਰਿਪਾਲਣ ਕਰਵਾਉਣ ਲਈ ਨੋਡਲ ਏਜੰਸੀ ਹੋਵੇਗਾ।

ਦੀਵਾਨੀ ਅਦਾਲਤਾਂ ਦੀ ਅਧਿਕਾਰਤਾ 'ਤੇ ਰੋਕ ।

13. ਕਿਸੇ ਦੀਵਾਨੀ ਅਦਾਲਤ ਨੂੰ ਕਿਸੇ ਅਜਿਹੇ ਮਾਮਲੇ ਦੇ ਬਾਰੇ ਕੋਈ ਦਾਵਾ ਜਾਂ ਕਾਰਵਾਈ ਕਰਨ ਦੀ ਅਧਿਕਾਰਤਾ ਨਹੀਂ ਹੋਵੇਗੀ ਜਿਸਨੂੰ ਨਿਰਧਾਰਤ ਕਰਨ ਲਈ ਇਸ ਐਕਟ ਦੁਆਰਾ ਜਾਂ ਅਧੀਨ ਸਰਕਾਰ ਜਾਂ ਇਸ ਐਕਟ ਅਧੀਨ ਗਠਤ ਕਮੇਟੀ ਨੂੰ ਸ਼ਕਤੀ ਪ੍ਰਾਪਤ ਹੈ ਇਸ ਐਕਟ ਅਧੀਨ ਜਾਂ ਇਸ ਦੁਆਰਾ ਪ੍ਰਦਾਨ ਕੀਤੀ ਗਈ ਕਿਸੇ ਸ਼ਕਤੀ ਦੇ ਅਨੁਸਰਣ ਵਿੱਚ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਕਿਸੇ ਕਾਰਵਾਈ ਦੇ ਸੰਬੰਧ ਵਿੱਚ ਕਿਸੇ ਅਦਾਲਤ ਜਾਂ ਹੋਰ ਅਥਾਰਟੀ ਦੁਆਰਾ ਕੋਈ ਮਨਾਹੀ, ਹੁਕਮ ਜਾਰੀ ਨਹੀਂ ਕੀਤਾ ਜਾਵੇਗਾ।

ਅਪਰਾਧ ਦਾ ਸਮਾਇਤ ਅਧਿਕਾਰ ।

14. ਇਸ ਐਕਟ ਅਧੀਨ ਸਜ਼ਾਯੋਗ ਅਪਰਾਧ ਦਾ ਮੁਕੱਦਮਾ ਨਿਆਂਇਕ ਮੈਡਿਸਟਰੇਟ ਦੀ ਅਦਾਲਤ ਵਿੱਚ ਫੌਜ਼ਦਾਰੀ ਜ਼ਾਬਤਾ ਸੰਘਤਾ, 1973 ਦੇ ਅਨੁਸਰਣ ਚਲਾਇਆ ਜਾਵੇਗਾ:

ਪਰੰਤੂ ਕੋਈ ਅਦਾਲਤ ਇਸ ਐਕਟ ਅਧੀਨ ਸਜ਼ਾ ਯੋਗ ਕਿਸੇ ਅਪਰਾਧ ਦਾ, ਸਿਵਾਏ ਸਰਕਾਰ ਦੁਆਰਾ ਅਧਿਕਾਰਤ ਸਰਕਾਰ ਦੇ ਕਿਸੇ ਅਧਿਕਾਰੀ ਦੁਆਰਾ ਲਿਖਤੀ ਸ਼ਿਕਾਇਤ ਤੇ ਹੀ ਸਮਾਇਤ ਅਧਿਕਾਰ ਲਵੇਗੀ।

15. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ। ਨਿਯਮ ਬਣਾਉਣ ਦੀ ਸ਼ਕਤੀ ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਕੁੱਲ ਦਸ ਦਿਨਾਂ ਦੀ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ ਅਤੇ ਜੇ, ਇਸ ਇਜਲਾਸ ਦੇ ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਅਜਿਹਾ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ ਤਾਂ ਉਹ ਨਿਯਮ ਇਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ। ਫਿਰਵੀ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

16. ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਗਏ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧਾਂ ਦਾ ਦੂਜੇ ਕਾਨੂੰਨਾਂ ਉੱਤੇ ਇਸ ਅਧੀਨ ਆਉਂਦੇ ਮਾਮਲਿਆਂ ਵਿੱਚ ਪੂਰਵਤਾ ਅਤੇ ਪਰਮ ਪ੍ਰਭਾਵ ਹੋਵੇਗਾ। ਹੋਰ ਕਾਨੂੰਨਾਂ ਤੇ ਪਰਮ ਪ੍ਰਭਾਵੀ ਹੋਣਾ ।

17. ਸਰਕਾਰ ਐਕਟ ਦੇ ਨਿਰਪੱਖ ਅਤੇ ਉਚਿਤ ਪਰਿਪਾਲਣ ਨੂੰ ਯਕੀਨੀ ਬਣਾਉਣ ਦੇ ਵਿਚਾਰ ਨਾਲ, ਇੱਕ ਹੁਕਮ ਦੁਆਰਾ ਇਸ ਐਕਟ ਦੇ ਕਿਸੇ ਉਪਬੰਧ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ 'ਤੇ ਸ਼ੱਕ, ਜੇ ਕੋਈ ਪੈਦਾ ਹੁੰਦਾ ਹੈ, ਨੂੰ ਸਪੱਸ਼ਟ ਕਰ ਸਕਦੀ ਹੈ। ਸਰਕਾਰ ਇਸ ਐਕਟ ਦੇ ਪਰਿਪਾਲਣ ਲਈ ਸੇਧਾਂ ਜਾਰੀ ਕਰਨ ਲਈ ਵੀ ਸ਼ਕਤਵਾਨ ਹੋਵੇਗੀ। ਕਠਨਾਈਆਂ ਦੂਰ ਕਰਨ ਦੀ ਸ਼ਕਤੀ ।

ਬੀ.ਬੀ.ਐੱਸ ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ।

3561/11-2025/Pb. Govt. Press, S.A.S. Nagar